# ਚਰਚਾ ਪੇਪਰ

## 2023 ਸੁਤੰਤਰ ਟੋਲ ਸਮੀਖਿਆ

ਜੂਨ 2023

# ਤਤਕਰਾ


**1 ਭੂਮਿਕਾ ........ 4**

**2 ਜਾਣ-ਪਛਾਣ ........ 5**

2.1 ਇਹ ਚਰਚਾ ਪੱਤਰ ਕਿਸ ਬਾਰੇ ਹੈ? ........ 5

2.2 ਇਸ ਸਮੀਖਿਆ ਦੇ ਹਵਾਲੇ ਦੀਆਂ ਸ਼ਰਤਾਂ ........ 5

2.1 ਇੱਕ ਖੁੱਲ੍ਹੀ, ਜਨਤਕ ਸਮੀਖਿਆ ........ 6

**3 NSW ਵਿੱਚ ਮੋਟਰ ਰਸਤਿਆਂ ਅਤੇ ਟੋਲ ਦੀ ਵਰਤੋਂ ........ 7**

3.1 NSW ਮੋਟਰ ਰਸਤਿਆਂ ਦਾ ਨੈੱਟਵਰਕ ........ 8

**4 ਇਸ ਟੋਲ ਸਮੀਖਿਆ ਦਾ ਪਿਛੋਕੜ ........ 13**

4.1 ਮੁਕਾਬਲੇਬਾਜ਼ੀ ਅਤੇ ਨਿਯਮ ........ 14

4.2 ਟੋਲ ਦਾ ਮੁਲਾਂਕਣ ਕਰਨ ਲਈ ਮਾਪਦੰਡ ........ 15

4.3 ਨੈੱਟਵਰਕ ਕੀਮਤ ........ 15

4.4 ਦਿਨ ਦੇ ਸਮੇਂ ਮੁਤਾਬਕ ਕੀਮਤ ........ 15

4.5 ਡਾਇਨਾਮਿਕ ਜਾਂ ਅਸਲ-ਸਮੇ ਮੁਤਾਬਿਕ ਕੀਮਤ ਰੱਖਣਾ ........ 16

4.6 ਵਿਸ਼ੇਸ਼ ਸੀਬੀਡੀ (CBD) ਜ਼ੋਨ ਅਤੇ ਕੋਰਡਨ (ਘੇਰਾਬੰਦੀ ਵਾਲੀ) ਕੀਮਤ ........ 16

4.7 ਭਾਰੀ ਵਾਹਨ ........ 17

4.8 ਬਗ਼ੈਰ ਟੋਲ ਵਾਲੀ ਸੜਕ ਦੀ ਵਰਤੋਂ 'ਤੇ ਪਾਬੰਦੀਆਂ ........ 17

4.9 ਕੀਮਤ ਤੈਅ ਕਰਨ ਦੇ ਸਿਧਾਂਤ ........ 18

**5 ਲਿਖਤੀ ਸੁਝਾਅ-ਰਾਏ ਬੇਨਤੀਆਂ ਪ੍ਰਦਾਨ ਕਰਨ ਲਈ ਸੱਦਾ ........ 19**

5.1 ਟੋਲ ਸਮੀਖਿਆ ਨਾਲ ਸੰਬੰਧਿਤ ਸਵਾਲ ........ 19

5.1.1 ਟੋਲ ਸਮੀਖਿਆ ਨਾਲ ਸੰਬੰਧਿਤ ਆਮ ਸਵਾਲ ........ 19

5.1.2 ਟੋਲ ਸਮੀਖਿਆ ਬਾਰੇ ਹਵਾਲੇ ਦੀਆਂ ਸ਼ਰਤਾਂ ਨਾਲ ਸੰਬੰਧਿਤ ਖ਼ਾਸ ਸਵਾਲ ........ 20

**6 ਜਨਤਕ ਸੁਣਵਾਈਆਂ ........ 23**

6.1 ਸੁਣਵਾਈ ਦੇ ਸਮੇਂ ਅਤੇ ਸਥਾਨ ........ 23

**7 ਅੰਤਿਕਾ A: ਹਵਾਲਾ ਸ਼ਰਤਾਂ ........ 24**

7.1 ਟੋਲ ਪਿਛੋਕੜ ........ 24

7.2 ਟੋਲ ਸਮੀਖਿਆ ........ 24

7.2.1 ਇਸ ਟੂਲ ਸਮੀਖਿਆ ਦੀ ਅਗਵਾਈ ........ 24

7.2.2 ਇਸ ਟੋਲ ਸਮੀਖਿਆ ਦੀਆਂ ਹਵਾਲਾ ਸ਼ਰਤਾਂ ........ 25

7.2.3 ਵਿਸ਼ੇਸ਼ ਗਤੀਵਿਧੀਆਂ ........ 25

8 ਅੰਤਿਕਾ B: ਸ਼ਬਦਾਵਲੀ ..... 27

# 1 ਭੂਮਿਕਾ

ਪਿਆਰੇ ਹਿੱਤਧਾਰਕ,

ਸਿਡਨੀ ਵਿੱਚ ਵੱਡੇ ਨਵੇਂ ਮੋਟਰ ਰਸਤਿਆਂ ਦੇ ਵਿਕਾਸ ਨਿਰਮਾਣ ਤੋਂ ਬਾਅਦ ਹਾਲ ਹੀ ਦੇ ਸਾਲਾਂ ਵਿੱਚ ਟੋਲ ਵਧੇਰੇ ਪੱਸਰ ਗਏ ਹਨ। ਇਸ ਮੁਕਾਬਲਤਨ ਉੱਚ ਮਹਿੰਗਾਈ ਦੇ ਸਮੇਂ ਵਿੱਚ ਇਹ ਵਾਹਨ ਚਾਲਕਾਂ ਨੂੰ ਟੋਲ ਦੀ ਕਿਫਾਇਤ-ਮੰਦੀ ਅਤੇ ਨਿਰਪੱਖਤਾ ਬਾਰੇ ਚਿੰਤਾਵਾਂ ਹੋਣ ਦਾ ਕਾਰਨ ਬਣ ਰਿਹਾ ਹੈ।

ਟੋਲ ਨਵੇਂ ਮੋਟਰ ਰਸਤਿਆਂ ਨੂੰ ਪੈਸੇ ਪ੍ਰਦਾਨ ਕਰਨ ਵਿੱਚ ਮੱਦਦ ਕਰਦੇ ਹਨ ਜੋ ਸਰਕਾਰ ਨਾਲ ਕੀਤੇ ਸਮਝੌਤਿਆਂ ਦੇ ਤਹਿਤ ਪ੍ਰਾਈਵੇਟ ਸੈਕਟਰ (ਨਿੱਜੀ ਖੇਤਰ) ਦੇ ਰਿਆਇਤ-ਧਾਰਕਾਂ ਦੁਆਰਾ ਬਣਾਏ ਗਏ ਹਨ। ਇਹ ਪ੍ਰਬੰਧ ਜਨਤਾ ਲਈ ਪੂਰੀ ਤਰ੍ਹਾਂ ਪਾਰਦਰਸ਼ੀ ਨਹੀਂ ਹਨ, ਜਿਸ ਨਾਲ ਟੋਲਿੰਗ ਪ੍ਰਬੰਧਾਂ ਦੇ ਵਾਜਬ ਹੋਣ ਬਾਰੇ ਚਿੰਤਾਵਾਂ ਵਧਦੀਆਂ ਹਨ।

ਟੋਲ ਦੀ ਭੂਮਿਕਾ ਸਿਰਫ਼ ਲਾਗਤ ਵਸੂਲੀ ਕਰਨਾ ਹੀ ਨਹੀਂ ਹੈ। ਇਨ੍ਹਾਂ ਮੋਟਰ ਰਸਤਿਆਂ 'ਤੇ ਆਵਾਜਾਈ ਦੇ ਸਰਵੋਤਮ ਪ੍ਰਵਾਹ ਨੂੰ ਯਕੀਨੀ ਬਣਾਉਣ ਵਿੱਚ ਵੀ ਉਨ੍ਹਾਂ ਦੀ ਮਹੱਤਵਪੂਰਨ ਭੂਮਿਕਾ ਹੈ। ਟੋਲ ਦਾ ਪੱਧਰ ਅਤੇ ਬਣਤਰ ਅਜਿਹਾ ਕਰਨ ਵਿੱਚ ਉਨ੍ਹਾਂ ਦੀ ਕੁਸ਼ਲਤਾ ਦੇ ਨਾਲ-ਨਾਲ ਉਨ੍ਹਾਂ ਦੀ ਨਿਰਪੱਖਤਾ ਦੋਵਾਂ ਨੂੰ ਪ੍ਰਭਾਵਿਤ ਕਰਦਾ ਹੈ।

ਕਿਉਂਕਿ ਮੋਟਰ ਰਸਤਿਆਂ ਦਾ ਨੈੱਟਵਰਕ ਸਮੇਂ ਦੇ ਨਾਲ ਵੱਡੀ ਗਿਣਤੀ ਵਿੱਚ ਰਿਆਇਤ ਸਮਝੌਤਿਆਂ ਦੇ ਅਧੀਨ ਵਿਕਸਤ ਹੋਇਆ ਹੈ, ਇੱਥੇ ਬਹੁਤ ਸਾਰੇ ਵੱਖ-ਵੱਖ ਟੋਲਿੰਗ ਪ੍ਰਬੰਧ ਹਨ ਜੋ ਇਸ ਪੂਰੇ ਨੈੱਟਵਰਕ ਨੂੰ ਬਣਾਉਂਦੇ ਹਨ। ਇਸ ਗੁੰਝਲਤਾ ਨੂੰ ਉਲਝਣ ਅਤੇ ਬੇਲੋੜੀ ਗੁੰਝਲਤਾ ਦਾ ਕਾਰਨ ਕਿਹਾ ਜਾਂਦਾ ਹੈ। ਇਹ ਦੇਖਣ ਦੀ ਲੋੜ ਹੈ ਕਿ ਕੀ ਟੋਲਿੰਗ ਪ੍ਰਣਾਲੀ ਨੂੰ ਸਰਲ ਬਣਾਇਆ ਜਾ ਸਕਦਾ ਹੈ।

ਟੋਲ ਲੱਗਣ ਵਾਲੇ ਮੋਟਰ ਰਸਤਿਆਂ ਦੀ ਵਰਤੋਂ ਕਰਨ ਬਾਰੇ ਫ਼ੈਸਲੇ ਲੈਣ ਵੇਲੇ ਵਾਹਨ ਚਾਲਕਾਂ ਨੂੰ ਚੰਗੀ ਜਾਣਕਾਰੀ ਹੋਣੀ ਚਾਹੀਦੀ ਹੈ। ਇਹ ਜਾਣਕਾਰੀ ਸਪੱਸ਼ਟ ਅਤੇ ਸੰਪੂਰਨ ਹੋਣੀ ਚਾਹੀਦੀ ਹੈ, ਅਤੇ ਇਸ ਨੂੰ ਵਾਹਨ ਚਾਲਕਾਂ ਲਈ ਉਪਲਬਧ ਵਿਕਲਪਾਂ ਨੂੰ ਵੀ ਉਜਾਗਰ ਕਰਨਾ ਚਾਹੀਦਾ ਹੈ।

ਹਾਲ ਹੀ ਵਿੱਚ ਚੁਣੀ ਗਈ Minns NSW ਸਰਕਾਰ ਨੇ ਸਾਨੂੰ ਸਿਡਨੀ ਦੇ ਮੋਟਰ ਰਸਤਿਆਂ 'ਤੇ ਲੱਗੇ ਟੋਲਿੰਗ ਪ੍ਰਬੰਧਾਂ ਦੀ ਇੱਕ ਵੱਡੀ ਸਮੀਖਿਆ ਦੀ ਅਗਵਾਈ ਕਰਨ ਲਈ ਨਿਯੁਕਤ ਕੀਤਾ ਹੈ। ਟੋਲ ਦੀ ਕੁਸ਼ਲਤਾ, ਨਿਰਪੱਖਤਾ, ਸਰਲਤਾ ਅਤੇ ਪਾਰਦਰਸ਼ਤਾ ਨਾਲ ਸੰਬੰਧਿਤ ਮੁੱਦੇ ਇਸ ਸਮੀਖਿਆ ਲਈ ਧੁਰੇ ਹਨ। ਜੇਕਰ ਸਮਝਦਾਰੀ ਭਰੇ ਸੁਧਾਰ ਕੀਤੇ ਜਾ ਸਕਦੇ ਹਨ, ਤਾਂ ਅਸੀਂ ਉਹਨਾਂ ਦੀ ਸਿਫ਼ਾਰਸ਼ ਕਰਨ ਤੋਂ ਨਹੀਂ ਝਿਜਕਾਂਗੇ।

ਅਸੀਂ ਸੁਤੰਤਰ ਧਿਰ ਹਾਂ ਪਰ ਇਸ ਪ੍ਰੋਜੈਕਟ 'ਤੇ ਸਰਕਾਰੀ ਏਜੰਸੀਆਂ ਨਾਲ ਕੰਮ ਕਰ ਰਹੇ ਹਾਂ। ਪਿਛਲੀ ਸਰਕਾਰ ਦੁਆਰਾ ਗਠਿਤ ਅੰਦਰੂਨੀ ਸਮੀਖਿਆ ਦੁਆਰਾ ਪਹਿਲਾਂ ਹੀ ਬਹੁਤ ਸਾਰਾ ਕੰਮ ਕੀਤਾ ਜਾ ਚੁੱਕਾ ਹੈ ਅਤੇ ਅਸੀਂ ਇਸ ਕੰਮ ਨੂੰ ਉਚਿਤ ਰੂਪ ਵਿੱਚ ਅੱਗੇ ਵਧਾਵਾਂਗੇ।

ਨਵੀਂ ਸਰਕਾਰ ਨੇ ਇਸ ਨਵੀਂ ਸੁਤੰਤਰ ਟੋਲ ਸਮੀਖਿਆ ਦੇ ਜਨਤਕ ਸੁਭਾਅ ਦੀ ਹੋਣ ਦੇ ਮਹੱਤਤਾ 'ਤੇ ਜ਼ੋਰ ਦਿੱਤਾ ਹੈ। ਇਸ ਲਈ, ਅਸੀਂ ਵਿਆਪਕ ਤੌਰ 'ਤੇ ਸਲਾਹ ਕਰਾਂਗੇ। ਇਹ ਚਰਚਾ ਪੱਤਰ ਵਾਹਨ ਚਾਲਕਾਂ, ਮਾਲ-ਭਾੜਾ ਉਦਯੋਗ, ਟੋਲਿੰਗ ਓਪਰੇਟਰਾਂ ਅਤੇ ਹੋਰਾਂ ਨੂੰ ਸਾਡੇ ਨਾਲ ਜੁੜਨ ਵਿੱਚ ਸਹਾਇਤਾ ਕਰਨ ਲਈ ਸਾਡੀ ਸਮੀਖਿਆ ਬਾਰੇ ਹੋਰ ਵੇਰਵੇ ਪ੍ਰਦਾਨ ਕਰਦਾ ਹੈ।

ਇਸ ਪ੍ਰਕਿਰਿਆ ਵਿੱਚ ਇੱਕ ਸ਼ੁਰੂਆਤੀ ਪੜਾਅ ਜਨਤਕ ਸੁਣਵਾਈ ਹੈ ਜੋ ਅਸੀਂ ਜੁਲਾਈ ਵਿੱਚ ਆਯੋਜਿਤ ਕਰਨ ਜਾ ਰਹੇ ਹਾਂ। ਅਸੀਂ ਦਿਲਚਸਪੀ ਰੱਖਣ ਵਾਲੇ ਵਿਅਕਤੀਆਂ ਅਤੇ ਸੰਸਥਾਵਾਂ ਤੋਂ ਲਿਖਤੀ ਸੁਝਾਅ-ਰਾਏ ਬੇਨਤੀਆਂ ਪ੍ਰਾਪਤ ਕਰਨ ਦੀ ਵੀ ਉਮੀਦ ਕਰਦੇ ਹਾਂ।

**ਪ੍ਰੋਫ਼ੈਸਰ ਐਲਨ ਫੇਲਜ਼ ਏ.ਓ.**
ਸਮੀਖਿਆ ਦੇ ਮੁਖੀ

**ਡਾ. ਡੇਵਿਡ ਕਜ਼ਨਸ ਏ.ਐਮ.**
ਸਮੀਖਿਆ ਦੇ ਡਿਪਟੀ ਮੁਖੀ

# 2 ਜਾਣ-ਪਛਾਣ

## 2.1 ਇਹ ਚਰਚਾ ਪੱਤਰ ਕਿਸ ਬਾਰੇ ਹੈ?

ਇਹ ਚਰਚਾ ਪੱਤਰ ਪ੍ਰੋਫੈਸਰ ਐਲਨ ਫੇਲਜ਼ ਏ.ਓ. ਅਤੇ ਡਾ. ਡੇਵਿਡ ਕਜ਼ਨਸ ਏ.ਐਮ. ਦੀ ਅਗਵਾਈ ਵਿੱਚ ਸੁਤੰਤਰ ਟੋਲ ਸਮੀਖਿਆ ਵਿੱਚ ਹਿੱਸਾ ਲੈਣ ਦੀ ਇੱਛਾ ਰੱਖਣ ਵਾਲੇ ਲੋਕਾਂ ਅਤੇ ਸੰਸਥਾਵਾਂ ਦੇ ਮੈਂਬਰਾਂ ਲਈ ਪਿਛੋਕੜ ਦੀ ਜਾਣਕਾਰੀ ਅਤੇ ਸਹਾਇਤਾ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ।

ਇਹ ਸੁਤੰਤਰ ਟੋਲ ਸਮੀਖਿਆ ਦੀ ਘੋਸ਼ਣਾ ਪ੍ਰੀਮੀਅਰ, ਮਾਨਯੋਗ ਕ੍ਰਿਸ ਮਿਨਸ ਐਮਪੀ; ਖਜ਼ਾਨਚੀ, ਮਾਨਯੋਗ ਡੈਨੀਅਲ ਮੂਖੇ ਐਮਐਲਸੀ; ਅਤੇ ਸੜਕ ਮੰਤਰੀ, ਮਾਨਯੋਗ ਜੌਨ ਗ੍ਰਾਹਮ ਐਮ.ਐਲ.ਸੀ. ਦੁਆਰਾ 5 ਅਪ੍ਰੈਲ 2023 ਨੂੰ ਕੀਤੀ ਗਈ ਸੀ।[1] ਇਹ ਟੋਲ ਨੈੱਟਵਰਕ ਦੇ ਲੰਬੇ ਸਮੇਂ ਦੇ ਸੁਧਾਰਾਂ ਦੀ ਜਾਂਚ-ਪੜਤਾਲ ਕਰਨ ਲਈ ਮਿਨਸ ਸਰਕਾਰ ਦੀ ਚੋਣ ਵਚਨਬੱਧਤਾ ਦਾ ਹਿੱਸਾ ਸੀ।

ਘੱਟ ਤੋਂ ਦਰਮਿਆਨੀ ਮਿਆਦ ਵਿੱਚ, ਨਵੀਂ ਸਰਕਾਰ ਨੇ ਘੋਸ਼ਣਾ ਕੀਤੀ ਹੈ ਕਿ ਭੁਗਤਾਨ ਕੀਤੇ ਜਾਂਦੇ ਟੋਲ 'ਤੇ ਵੱਧ ਤੋਂ ਵੱਧ $60 ਹਫ਼ਤਾਵਾਰੀ ਹੱਦ ਤੈਅ ਕਰਨ ਨਾਲ ਅਤੇ M5 ਈਸਟ ਅਤੇ M8 ਦੀ ਵਰਤੋਂ ਕਰਨ ਵਾਲੇ ਟਰੱਕਾਂ ਲਈ ਟੋਲ ਵਿੱਚ ਕਟੌਤੀ ਕਰਕੇ ਵਾਹਨ ਚਾਲਕਾਂ ਲਈ ਟੋਲ ਰਾਹਤ ਵਿੱਚ ਵਾਧਾ ਕੀਤਾ ਜਾਵੇਗਾ।

ਇਸ ਸੁਤੰਤਰ ਟੋਲ ਸਮੀਖਿਆ ਲਈ ਹਵਾਲੇ ਦੀਆਂ ਸ਼ਰਤਾਂ 11 ਮਈ 2023 ਨੂੰ ਨਵੀਂ ਪਾਰਲੀਮੈਂਟ ਦੇ ਪਹਿਲੇ ਬੈਠਕ ਹਫ਼ਤੇ ਵਿੱਚ ਪੇਸ਼ ਕੀਤੀਆਂ ਗਈਆਂ ਸਨ (ਜੋ ਕਿ ਖਜ਼ਾਨਾ ਵਿਭਾਗ ਦੀ ਵੈੱਬਸਾਈਟ, https://www.treasury.nsw.gov.au/toll-review 'ਤੇ, ਅਤੇ ਅੰਤਿਕਾ A ਵਿੱਚ) ਦੇਖੀਆਂ ਜਾ ਸਕਦੀਆਂ ਹਨ। ਇਸ ਬਾਰੇ ਅੱਗੇ ਪੁਸ਼ਟੀ ਕੀਤੀ ਗਈ ਸੀ ਕਿ ਇਸ ਸੁਤੰਤਰ ਟੋਲ ਸਮੀਖਿਆ ਦੀ ਅਗਵਾਈ ਪ੍ਰੋ. ਐਲਨ ਫੇਲਜ਼ ਏ.ਓ. ਅਤੇ ਡਾ. ਡੇਵਿਡ ਕਜ਼ਨਸ ਏ.ਐਮ. ਦੁਆਰਾ ਕੀਤੀ ਜਾਵੇਗੀ, ਜਿਨ੍ਹਾਂ ਦੋਵਾਂ ਨੂੰ ਕੀਮਤ ਅਤੇ ਮੁਕਾਬਲੇ ਦੇ ਨਿਯਮਾਂ ਅਤੇ ਨੀਤੀ ਵਿੱਚ ਵਿਆਪਕ ਅਨੁਭਵ ਹੈ।

## 2.2 ਇਸ ਸਮੀਖਿਆ ਦੇ ਹਵਾਲੇ ਦੀਆਂ ਸ਼ਰਤਾਂ

ਇਸ ਸੁਤੰਤਰ ਟੋਲ ਸਮੀਖਿਆ ਨੂੰ ਇਨ੍ਹਾਂ ਨੁਕਤਿਆਂ ਦੀ ਜਾਂਚ ਕਰਨ ਲਈ ਕਿਹਾ ਗਿਆ ਹੈ:

- ਭਵਿੱਖ ਵਿੱਚ ਨਿਊ ਸਾਊਥ ਵੇਲਜ਼ ਵਿੱਚ ਟੋਲ ਦੀ ਬਣਤਰ ਅਤੇ ਪੱਧਰ ਦੀ, ਉਹਨਾਂ ਦੀ ਕੁਸ਼ਲਤਾ, ਨਿਰਪੱਖਤਾ, ਸਰਲਤਾ ਅਤੇ ਪਾਰਦਰਸ਼ਤਾ, ਪ੍ਰਦਾਤਾਵਾਂ ਨਾਲ ਮੌਜੂਦਾ ਸਮਝੌਤਿਆਂ ਅਤੇ ਆਵਾਜਾਈ ਦੇ ਸਾਰੇ ਰੂਪਾਂ 'ਤੇ ਪ੍ਰਭਾਵ ਨੂੰ
- ਟੋਲ ਨੂੰ ਕਿਸ ਹੱਦ ਤੱਕ ਸੜਕਾਂ ਦੀਆਂ ਪੂੰਜੀ ਅਤੇ ਸੰਚਾਲਨ ਲਾਗਤਾਂ ਨੂੰ ਦਰਸਾਉਣਾ ਚਾਹੀਦਾ ਹੈ, ਸੜਕ ਦੀ ਸਥਿਰਤਾ ਅਤੇ ਦਿਨ ਭਰ ਸੜਕਾਂ ਦੀ ਵਰਤੋਂ 'ਤੇ ਵੱਖ-ਵੱਖ ਉਪਭੋਗਤਾਵਾਂ ਦੇ ਪ੍ਰਭਾਵ ਨੂੰ
- ਸਮੁੱਚੇ ਭਾਈਚਾਰੇ ਲਈ ਨਿਰਪੱਖਤਾ ਪ੍ਰਦਾਨ ਕਰਨ ਲਈ ਰਾਹਤ ਦੇ ਢੁੱਕਵੇਂ ਟੀਚੇ ਦੀ ਅਤੇ ਟੋਲ ਰਾਹਤ ਤੋਂ ਟੋਲ ਰੋਡ ਮਾਲਕਾਂ ਦੀ ਬਜਾਏ ਭਾਈਚਾਰੇ ਨੂੰ ਲਾਭ ਹੋਣਾ ਕਿਵੇਂ ਯਕੀਨੀ ਬਣਾਇਆ ਜਾ ਸਕਦਾ ਹੈ
- ਕੀ ਟੋਲ ਸਮਝਣ ਯੋਗ ਹਨ, ਵਾਹਨ ਚਾਲਕਾਂ ਲਈ ਭੁਗਤਾਨ ਕਰਨ ਲਈ ਸਰਲ ਅਤੇ ਇਕੱਤਰ ਕਰਨ ਲਈ ਪ੍ਰਬੰਧਕੀ ਤੌਰ 'ਤੇ ਕੁਸ਼ਲ ਹਨ
- ਸੜਕ ਟੋਲ ਨੂੰ ਪ੍ਰਭਾਵਿਤ ਕਰਨ ਲਈ ਮੁਕਾਬਲੇ ਅਤੇ ਨਿਯਮਾਂ ਦੀ ਗੁੰਜਾਇਸ਼ ਅਤੇ ਪ੍ਰਦਾਤਾ ਦੁਆਰਾ ਸੇਵਾ ਪ੍ਰਦਰਸ਼ਨ ਦੀ ਕੁਸ਼ਲਤਾ ਦੀ।

ਇਹ ਸੁਤੰਤਰ ਟੋਲ ਸਮੀਖਿਆ ਸਰਕਾਰ ਦੁਆਰਾ ਲਾਗੂ ਕੀਤੇ ਜਾਣ ਵਾਲੇ ਥੋੜ੍ਹੇ ਸਮੇਂ ਦੇ ਟੋਲ ਰਾਹਤ ਉਪਾਵਾਂ ਦੇ ਸੰਬੰਧ ਵਿੱਚ ਹੋਵੇਗੀ, ਜੋ ਕਿ ਦੋ ਸਾਲਾਂ ਲਈ ਲਾਗੂ ਹੋਣਗੇ, ਅਤੇ ਇਹ ਸਮੀਖਿਆ ਮੁਲਾਂਕਣ ਕਰੇਗੀ ਕਿ ਕਿਹੜੇ ਲੰਬੇ ਸਮੇਂ ਦੇ ਟੋਲ ਰਾਹਤ ਉਪਾਅ ਲਾਗੂ ਹੋਣੇ ਚਾਹੀਦੇ ਹਨ।

ਇਹ ਸਮੀਖਿਆ ਨਵੀਂ ਸਰਕਾਰ ਦੀਆਂ ਨੀਤੀਗਤ ਸਥਿਤੀਆਂ 'ਤੇ ਵੀ ਧਿਆਨ ਦੇਵੇਗੀ।

ਇਹ ਸੁਤੰਤਰ ਟੋਲ ਰਿਵਿਊ ਅਗਲੇ ਸਾਲ ਆਪਣੀ ਅੰਤਿਮ ਰਿਪੋਰਟ ਨੂੰ ਜਨਤਕ ਤੌਰ 'ਤੇ ਜਾਰੀ ਕਰੇਗੀ ਤਾਂ ਜੋ ਇਸ ਦੀਆਂ ਸਿਫ਼ਾਰਸ਼ਾਂ 'ਤੇ ਵਿਚਾਰ ਕੀਤਾ ਜਾ ਸਕੇ।

---

[1] ਪ੍ਰੀਮੀਅਰ, ਖਜ਼ਾਨਚੀ ਅਤੇ ਸੜਕ ਮੰਤਰੀ ਦੁਆਰਾ ਮੀਡੀਆ ਰਿਲੀਜ਼, 5 ਅਪ੍ਰੈਲ 2023 ਤੋਂ *ਪ੍ਰੋਫੈਸਰ ਫੇਲਜ਼ ਨੇ ਟੋਲ ਸਮੀਖਿਆ 'ਤੇ ਕੰਮ ਸ਼ੁਰੂ ਕਰ ਦਿੱਤਾ ਹੈ*

## 2.3 ਇੱਕ ਖੁੱਲ੍ਹੀ, ਜਨਤਕ ਸਮੀਖਿਆ

ਸਰਕਾਰ ਇਸ ਸਮੀਖਿਆ ਨੂੰ ਕਰਵਾਉਣ ਅਤੇ ਇਸ ਦੀਆਂ ਸਿਫ਼ਾਰਸ਼ਾਂ ਨੂੰ ਜਨਤਕ ਕਰਨ ਲਈ ਵਚਨਬੱਧ ਹੈ। ਇਸ ਗੱਲ ਨੇ ਸੰਕੇਤ ਦਿੱਤਾ ਕਿ ਇਹ ਸਮੀਖਿਆ ਸੁਝਾਅ-ਰਾਏ ਬੇਨਤੀਆਂ ਦੇਣ ਲਈ ਖੁੱਲ੍ਹੀ ਹੋਵੇਗੀ ਅਤੇ ਟ੍ਰਾਂਸਪੋਰਟ ਸੈਕਟਰ ਅਤੇ ਟੋਲ ਅਦਾ ਕਰਨ ਵਾਲੇ ਲੋਕਾਂ ਨਾਲ ਸਲਾਹ-ਮਸ਼ਵਰਾ ਕਰੇਗੀ।

ਇਸ ਅਨੁਸਾਰ, ਸਮੀਖਿਆ ਵਿੱਚ ਦਿਲਚਸਪੀ ਰੱਖਣ ਵਾਲੇ ਲੋਕਾਂ ਅਤੇ ਸੰਸਥਾਵਾਂ ਤੋਂ ਸੁਝਾਅ-ਰਾਏ ਦੇਣ ਦੀਆਂ ਬੇਨਤੀਆਂ ਮੰਗੀਆਂ ਜਾਣਗੀਆਂ ਅਤੇ ਜੁਲਾਈ ਵਿੱਚ ਜਨਤਕ ਸੁਣਵਾਈਆਂ ਕੀਤੀਆਂ ਜਾਣਗੀਆਂ। ਸੈਕਸ਼ਨ 5 ਅਤੇ 6 ਵਿੱਚ ਇਸ ਸਮੀਖਿਆ ਦੇ ਜਨਤਕ ਸੁਣਵਾਈ ਦੇ ਭਾਗਾਂ ਅਤੇ ਸੁਝਾਅ-ਰਾਏ ਬੇਨਤੀਆਂ ਦੇਣ ਬਾਰੇ ਹੋਰ ਵੇਰਵੇ ਪ੍ਰਦਾਨ ਕੀਤੇ ਗਏ ਹਨ।

ਸਮੀਖਿਆ ਵਿੱਚ ਉਨ੍ਹਾਂ ਮੁੱਦਿਆਂ ਦੀ ਕਿਸਮ ਨੂੰ ਦਰਸਾਉਣ ਲਈ ਅਤੇ ਭਾਗੀਦਾਰਾਂ ਨੂੰ ਉਹਨਾਂ ਦੇ ਜਵਾਬ ਤਿਆਰ ਕਰਨ ਵਿੱਚ ਮੱਦਦ ਕਰਨ ਲਈ ਉਨ੍ਹਾਂ ਪ੍ਰਸ਼ਨਾਂ ਦੀ ਇੱਕ ਸੂਚੀ ਵੀ ਦਿੱਤੀ ਗਈ ਹੈ ਜਿਸ 'ਤੇ ਇਹ ਸਮੀਖਿਆ ਕੀਤੀ ਜਾ ਰਹੀ ਹੈ।

# 3 NSW ਵਿੱਚ ਮੋਟਰ ਰਸਤਿਆਂ ਅਤੇ ਟੋਲ ਦੀ ਵਰਤੋਂ

ਨਿਊ ਸਾਊਥ ਵੇਲਜ਼ ਵਿੱਚ ਬਣੇ ਸਾਰੇ ਨਵੇਂ ਜਨਤਕ ਬੁਨਿਆਦੀ ਢਾਂਚੇ ਨੂੰ ਜਾਂ ਤਾਂ ਸਰਕਾਰੀ ਜਾਂ ਪ੍ਰਾਈਵੇਟ ਸੈਕਟਰ ਦੇ ਪੂੰਜੀ ਯੋਗਦਾਨਾਂ ਰਾਹੀਂ ਪੈਸਾ ਦਿੱਤਾ ਜਾਂਦਾ ਹੈ।

ਅਹਿਮ ਟ੍ਰਾਂਸਪੋਰਟ ਬੁਨਿਆਦੀ ਢਾਂਚੇ ਦੇ ਕੰਮਾਂ ਲਈ ਫ਼ੰਡ ਦੇਣ ਲਈ ਟੋਲ ਦੀ ਵਰਤੋਂ ਕੀਤੇ ਜਾਣ ਦਾ ਇੱਕ ਲੰਮਾ ਇਤਿਹਾਸ ਹੈ। ਟੋਲ ਦਾ ਮਤਲਬ ਹੈ ਕਿ ਬੁਨਿਆਦੀ ਢਾਂਚੇ ਦੇ ਉਪਭੋਗਤਾ ਬੁਨਿਆਦੀ ਢਾਂਚੇ ਦੀਆਂ ਲਾਗਤਾਂ ਵਿੱਚ ਸਿੱਧੇ ਤੌਰ 'ਤੇ ਯੋਗਦਾਨ ਪਾਉਂਦੇ ਹਨ ਨਾ ਕਿ ਸਰਕਾਰਾਂ ਨੂੰ ਇਸ ਲਾਗਤ ਨੂੰ ਆਮ ਟੈਕਸਾਂ, ਹੋਰ ਮਾਲੀਏ ਅਤੇ ਉਧਾਰਾਂ ਤੋਂ ਸਿੱਧਾ ਪੂਰਾ ਕਰਨਾ ਪੈਂਦਾ ਹੈ, ਜੋ ਕਿ ਵਿਆਪਕ ਭਾਈਚਾਰੇ ਤੋਂ ਆਉਂਦੇ ਹਨ, ਭਾਵੇਂ ਉਹ ਬੁਨਿਆਦੀ ਢਾਂਚੇ ਦੀ ਵਰਤੋਂ ਕਰਦੇ ਹੋਣ ਜਾਂ ਨਹੀਂ।

1800 ਦੇ ਦਹਾਕੇ ਦੇ ਸ਼ੁਰੂ ਵਿੱਚ ਸਿਡਨੀ ਦੀਆਂ ਸੜਕਾਂ ਅਤੇ ਪੁਲਾਂ 'ਤੇ ਟੋਲ ਦੀ ਵਰਤੋਂ ਕੀਤੀ ਜਾਂਦੀ ਸੀ। ਜਨਤਕ ਮਾਲਕੀ ਵਾਲੇ ਸਿਡਨੀ ਹਾਰਬਰ ਬ੍ਰਿਜ 'ਤੇ ਵੀ 1932 ਵਿੱਚ ਸ਼ੁਰੂ ਹੋਣ ਤੋਂ ਬਾਅਦ ਟੋਲ ਚੱਲਦੇ ਸਨ। ਹਾਲਾਂਕਿ, ਇਹ ਹਾਲ ਹੀ ਦੇ ਸਮੇਂ ਵਿੱਚ ਹੈ ਕਿ ਸਿਡਨੀ ਦੇ ਪ੍ਰਮੁੱਖ ਮੋਟਰ ਰਸਤਿਆਂ ਦੇ ਨੈੱਟਵਰਕ ਦੇ ਵਿਕਾਸ ਵਿੱਚ ਮੱਦਦ ਕਰਦੇ ਹੋਏ, ਟੋਲ ਦੀ ਵਰਤੋਂ ਬਹੁਤ ਜ਼ਿਆਦਾ ਫ਼ੈਲ ਗਈ ਹੈ।

ਮੋਟਰ ਰਸਤਿਆਂ ਦੀਆਂ ਸੇਵਾਵਾਂ ਦੇ ਨਿਰਮਾਣ ਅਤੇ ਸੰਚਾਲਨ ਨਾਲ ਜੁੜੇ ਖ਼ਰਚਿਆਂ ਨੂੰ ਚੁੱਕਣ ਲਈ ਸਰਕਾਰਾਂ ਦੁਆਰਾ ਪ੍ਰਾਈਵੇਟ ਕੰਪਨੀਆਂ ਨਾਲ ਸਮਝੌਤਿਆਂ 'ਤੇ ਹਸਤਾਖਰ ਕੀਤੇ ਗਏ ਹਨ। ਉਹ ਰਿਆਇਤੀ ਮਿਆਦ ਤੱਕ ਟੋਲ ਲਗਾ ਕੇ ਆਪਣੀਆਂ ਲਾਗਤਾਂ ਅਤੇ ਪੂੰਜੀ 'ਤੇ ਲਾਭ-ਵਾਪਸੀ ਦੀ ਭਰਪਾਈ ਕਰਦੇ ਹਨ।

ਇਹ ਟੋਲ ਸਮਝੌਤੇ ਟੋਲ ਦੇ ਅਧਾਰ ਪੱਧਰ ਅਤੇ ਰਿਆਇਤੀ ਮਿਆਦ ਨੂੰ ਵਧਾਉਣ ਦੀ ਵਿਧੀ ਨਿਰਧਾਰਤ ਕਰਦੇ ਹਨ।

2009 ਤੋਂ ਬਾਅਦ ਹਸਤਾਖਰ ਕੀਤੇ ਸਮਝੌਤਿਆਂ ਲਈ, ਇਨ੍ਹਾਂ ਟੋਲ ਨਿਯਮਾਂ ਨੂੰ ਟ੍ਰਾਂਸਪੋਰਟ ਫਾਰ NSW (Transport for NSW) ਦੀ ਵੈੱਬਸਾਈਟ 'ਤੇ ਜਾਰੀ ਕੀਤੇ ਗਏ ਸੋਧੇ ਹੋਏ ਸਮਝੌਤਿਆਂ ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ।[2 ਅਤੇ 3]

ਹਰੇਕ ਟੋਲ ਰੋਡ ਕੰਟਰੈਕਟ (ਇਕਰਾਰਨਾਮੇ) ਵਿੱਚ ਗੁਪਤਤਾ ਰੱਖਣ ਸੰਬੰਧੀ ਕਾਨੂੰਨੀ ਜ਼ਿੰਮੇਵਾਰੀਆਂ ਵੱਖ-ਵੱਖ ਹੁੰਦੀਆਂ ਹਨ, ਹਾਲਾਂਕਿ ਵਪਾਰਕ ਤੌਰ 'ਤੇ ਸੰਵੇਦਨਸ਼ੀਲ ਜਾਣਕਾਰੀ ਨੂੰ ਜਾਰੀ ਕਰਨ ਲਈ ਆਮ ਤੌਰ 'ਤੇ ਹਰੇਕ ਰਿਆਇਤ-ਧਾਰਕ ਦੀ ਸਹਿਮਤੀ ਦੀ ਲੋੜ ਹੁੰਦੀ ਹੈ (ਹੇਠਾਂ ਸਾਰਣੀ 1 ਦੇਖੋ)।

ਇਹ ਸਮੀਖਿਆ ਮੰਨਦੀ ਹੈ ਕਿ ਅਤੀਤ ਵਿੱਚ ਸੰਬੰਧਿਤ ਧਿਰਾਂ ਦੁਆਰਾ ਚੰਗੀ ਭਾਵਨਾ ਨਾਲ ਸਮਝੌਤਾ ਕੀਤੇ ਗਏ ਇਕਰਾਰਨਾਮਿਆਂ ਦਾ ਸਨਮਾਨ ਕਰਨ ਦੀ ਲੋੜ ਹੈ। ਇਸ ਸਮੀਖਿਆ ਤੋਂ ਆਉਣ ਵਾਲੀਆਂ ਸਿਫ਼ਾਰਸ਼ਾਂ ਨੂੰ ਲਾਗੂ ਕਰਨਾ ਇਨ੍ਹਾਂ ਇਕਰਾਰਨਾਮਿਆਂ 'ਤੇ ਮੁੜ-ਗੱਲਬਾਤ ਕੀਤੇ ਜਾਣ 'ਤੇ ਨਿਰਭਰ ਹੋ ਸਕਦਾ ਹੈ। ਸਮੁੱਚੇ ਭਾਈਚਾਰੇ ਲਈ ਟੋਲਿੰਗ ਪ੍ਰਬੰਧਾਂ ਵਿੱਚ ਕਿਸੇ ਵੀ ਕੀਤੀ ਜਾਣ ਵਾਲੀ ਤਬਦੀਲੀ ਦੀਆਂ ਲਾਗਤਾਂ ਵੀ ਇੱਕ ਮਹੱਤਵਪੂਰਨ ਕਾਰਕ ਹਨ। ਜੇਕਰ ਪ੍ਰਸਤਾਵਿਤ ਸੁਧਾਰ ਲੋਕ ਹਿੱਤ ਵਿੱਚ ਹੋਣ ਤਾਂ ਤਬਦੀਲੀਆਂ ਸੰਭਵ ਹੋਣੀਆਂ ਚਾਹੀਦੀਆਂ ਹਨ। ਸਭ ਲਈ ਜਿੱਤ-ਜਿੱਤ ਦੇ ਨਤੀਜੇ ਪ੍ਰਾਪਤ ਹੁੰਦੇ ਹੋ ਸਕਦੇ ਹਨ। ਇਸ ਤੋਂ ਇਲਾਵਾ, ਪ੍ਰਾਈਵੇਟ ਕੰਪਨੀਆਂ ਲਈ ਇਹ ਪਛਾਣਨਾ ਅਹਿਮ ਹੈ ਕਿ ਉਹਨਾਂ ਦੇ ਕਾਰਜਾਂ ਨੂੰ ਜਾਰੀ ਰੱਖਣ ਲਈ ਅੰਤ ਵਿੱਚ ਵਿਆਪਕ ਭਾਈਚਾਰੇ ਦੇ ਸਮਰਥਨ ਦੀ ਲੋੜ ਹੁੰਦੀ ਹੈ। ਕੁੱਝ ਲੋਕ ਇਸ ਨੂੰ ਸਮਾਜਿਕ ਲਾਇਸੈਂਸ ਹੋਣ ਵਜੋਂ ਕਹਿੰਦੇ ਹਨ ਜੋ ਕੰਪਨੀਆਂ ਨੂੰ ਚਲਾਉਣ ਲਈ ਹੋਣਾ ਜ਼ਰੂਰੀ ਹੁੰਦਾ ਹੈ।

---


[2] ਰਿਆਇਤ ਪ੍ਰਾਪਤ ਸਮਝੌਤਿਆਂ ਨੂੰ ਸਰਕਾਰੀ ਸੂਚਨਾ (ਜਨਤਕ ਪਹੁੰਚ) ਐਕਟ 2009 (GIPA) ਦੇ ਤਹਿਤ ਕਲਾਸ 3 ਦੇ ਇਕਰਾਰਨਾਮੇ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ ਅਤੇ ਪ੍ਰਕਾਸ਼ਿਤ ਕੀਤਾ ਜਾਣਾ ਲਾਜ਼ਮੀ ਹੈ। https://www.transport.nsw.gov.au/operations/roads-and-waterways/business-and-industry/partners-and-suppliers/tenders-and-contracts-2

[3] ਟੋਲ ਰੋਡ ਪ੍ਰੋਜੈਕਟਾਂ ਦਾ ਸਾਰ NSW ਦੇ ਖਜ਼ਾਨਾ ਵਿਭਾਗ ਦੀ ਵੈੱਬਸਾਈਟ 'ਤੇ ਵੀ ਪ੍ਰਕਾਸ਼ਿਤ ਕੀਤਾ ਗਿਆ ਹੈ, ਜੋ ਕਿ NSW ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ ਦਿਸ਼ਾ-ਨਿਰਦੇਸ਼ਾਂ ਦੇ ਅਧੀਨ ਇੱਕ ਸ਼ਰਤ ਹੈ। https://www.treasury.nsw.gov.au/projects-initiatives/public-private-partnerships/awarded-projects

## 3.1 NSW ਮੋਟਰ ਰਸਤਿਆਂ ਦਾ ਨੈੱਟਵਰਕ


ਸਿਡਨੀ ਦੇ 'ਮੋਟਰ ਰਸਤਿਆਂ ਦੇ ਨੈੱਟਵਰਕ' ਵਿੱਚ ਲਗਭਗ 179 ਕਿਲੋਮੀਟਰ ਮੋਟਰ ਰਸਤਿਆਂ ਲਈ ਸੜਕਾਂ ਸ਼ਾਮਲ ਹਨ ਅਤੇ ਇਹ ਟੋਲ ਅਤੇ ਬਗ਼ੈਰ ਟੋਲ ਵਾਲੀਆਂ ਸੜਕਾਂ ਨਾਲ ਬਣਿਆ ਹੋਇਆ ਹੈ। ਚਿੱਤਰ 1 ਮੌਜੂਦਾ ਟੋਲ ਲੱਗੇ ਮੋਟਰ ਰਸਤਿਆਂ (ਨੀਲੇ ਰੰਗ ਵਿੱਚ) ਅਤੇ ਬਗ਼ੈਰ ਟੋਲ ਵਾਲੇ ਮੋਟਰ ਰਸਤਿਆਂ (ਹਰੇ ਰੰਗ ਵਿੱਚ) ਦੇ ਨੈੱਟਵਰਕ ਦੀ ਰੂਪਰੇਖਾ ਦਰਸਾਉਂਦਾ ਹੈ।

ਚਿੱਤਰ 1: ਸਿਡਨੀ ਦਾ ਮੋਟਰ ਰਸਤਿਆਂ ਦਾ ਨੈੱਟਵਰਕ




ਇਹ ਮੋਟਰ ਰਸਤਿਆਂ ਦਾ ਨੈੱਟਵਰਕ ਇੱਕ ਗੁੰਝਲਦਾਰ ਈਕੋਸਿਸਟਮ ਹੈ। ਮੋਟਰ ਰਸਤਿਆਂ ਦੇ ਨੈੱਟਵਰਕ ਵਿੱਚ ਕਈ ਧਿਰਾਂ ਸ਼ਾਮਿਲ ਹਨ - ਡਰਾਈਵਰ ਜੋ ਟੋਲ ਦਾ ਭੁਗਤਾਨ ਕਰਦੇ ਹਨ, ਰਿਟੇਲਰ ਜੋ ਰਿਆਇਤ-ਧਾਰਕਾਂ (ਸੰਪਤੀ ਮਾਲਕਾਂ) ਅਤੇ NSW ਸਰਕਾਰ ਦੀ ਤਰਫੋਂ ਟੋਲ ਇਕੱਠਾ ਕਰਦੇ ਹਨ ਅਤੇ NSW ਸਰਕਾਰ ਜੋ ਇਨ੍ਹਾਂ ਟੋਲਿੰਗ ਪ੍ਰਬੰਧਾਂ ਨੂੰ ਲੈ ਕੇ ਨਿੱਜੀ ਮਲਕੀਅਤ ਵਾਲੇ ਰਿਆਇਤ-ਧਾਰਕਾਂ ਨਾਲ ਸਮਝੌਤੇ ਕਰਦੀ ਹੈ। NSW ਸਰਕਾਰ ਵੀ ਟੋਲ ਵਾਲੀਆਂ ਕੁੱਝ ਸੜਕਾਂ ਦੀ ਮਾਲਕੀ ਅਤੇ ਸੰਚਾਲਨ ਕਰਦੀ ਹੈ। ਚਿੱਤਰ 2 ਇਨ੍ਹਾਂ ਕਾਰਕਾਂ ਦਾ ਵਰਣਨ ਕਰਦਾ ਹੈ।

ਚਿੱਤਰ 2: NSW ਦਾ ਟੋਲ ਈਕੋਸਿਸਟਮ



ਇਸ ਮੋਟਰਵੇਅ ਨੈੱਟਵਰਕ ਵਿੱਚ ਕਿ ਸ਼ੇਅਰਧਾਰਕਾਂ ਦੀ ਮਲਕੀਅਤ ਵਾਲੀਆਂ ਕਈ ਇਕੱਲਿਆਂ ਟੋਲ ਰੋਡ ਸੰਪਤੀਆਂ ਸ਼ਾਮਲ ਹਨ। ਹੇਠਾਂ ਦਿੱਤੀ ਸਾਰਣੀ 1 ਟੋਲ ਲੱਗੀਆਂ ਸੜਕਾਂ ਅਤੇ ਉਨ੍ਹਾਂ ਦੇ ਰਿਆਇਤੀ-ਧਾਰਕਾਂ ਦੀ ਹਿੱਸੇਦਾਰੀ ਦੀ ਰੂਪਰੇਖਾ ਦੱਸਦੀ ਹੈ।

ਸਾਰਣੀ 1: NSW ਦੀਆਂ ਟੋਲ ਲੱਗੀਆਂ ਸੜਕਾਂ ਦੀ ਸੂਚੀ (1 ਜੂਨ 2023 ਤੱਕ)

| ਟੋਲ ਵਾਲੀ ਸੜਕ | ਵਰਣਨ | ਰਿਆਇਤ ਦਾ ਅੰਤ | ਰਿਆਇਤ-ਧਾਰਕ |
|---|---|---|---|
| ਸਿਡਨੀ ਹਾਰਬਰ ਬ੍ਰਿਜ | ਸਿਡਨੀ ਸੀਬੀਡੀ ਤੋਂ ਨੋਰਥ ਸਿਡਨੀ ਤੱਕ ਸਿਡਨੀ ਹਾਰਬਰ ਦੇ ਪਾਰ 1.1 ਕਿਲੋਮੀਟਰ ਦਾ ਪੁਲ | ਲਾਗੂ ਨਹੀਂ ਹੈ | • NSW ਸਰਕਾਰ: 100% |
| ਸਿਡਨੀ ਹਾਰਬਰ ਸੁਰੰਗ | ਸਿਡਨੀ ਸੀਬੀਡੀ ਤੋਂ ਨੋਰਥ ਸਿਡਨੀ ਤੱਕ ਸਿਡਨੀ ਹਾਰਬਰ ਦੇ ਹੇਠਾਂ 2.7 ਕਿਲੋਮੀਟਰ ਦੀ ਸੁਰੰਗ | ਲਾਗੂ ਨਹੀਂ ਹੈ | • NSW ਸਰਕਾਰ: 100% |
| M4 | M4 ਨੂੰ ਚੌੜਾ ਕਰਨਾ - ਪੈਰਾਮਾਟਾ (ਚਰਚ ਸਟ੍ਰੀਟ) ਤੋਂ ਹੋਮਬੁਸ਼ (ਹੋਮਬੁਸ਼ ਬੇਅ ਡਰਾਈਵ) ਤੱਕ 7.5 ਕਿਲੋਮੀਟਰ ਦਾ ਮੋਟਰ ਰਸਤਾ | ਦਸੰਬਰ 2060 | • ਸਿਡਨੀ ਟ੍ਰਾਂਸਪੋਰਟ ਹਿੱਸੇਦਾਰਾਂ (STP) ਦਾ ਸੰਘ[4]:<br>○ ਟ੍ਰਾਂਸ-ਅਰਬਨ: 50%<br>○ ਔਸਸੁਪਰ: 20.5%<br>○ CPPIB[5]: 10.5%<br>○ CDPQ[6]: 10%<br>○ ਤਵਾਰੀਡ[7]: 9% |
| | M4 ਈਸਟ - ਹੋਮਬੁਸ਼ (ਹੋਮਬਸ਼ ਬੇਅ ਡਰਾਈਵ) ਤੋਂ ਹੈਬਰਫੀਲਡ (ਪੈਰਾਮਾਟਾ ਰੋਡ ਅਤੇ ਸਿਟੀ ਵੈਸਟ ਲਿੰਕ) ਤੱਕ | ਦਸੰਬਰ 2060 | |
| M5 ਸਾਊਥ ਵੈਸਟ[9] | M5 ਈਸਟ ਨੂੰ ਵੈਸਟਲਿੰਕ M7 ਅਤੇ ਹਿਊਮ ਹਾਈਵੇਅ ਨਾਲ ਜੋੜਦਾ 22 ਕਿਲੋਮੀਟਰ ਲੰਬਾ ਮੋਟਰ ਰਸਤਾ (11 ਦਸੰਬਰ 2026 ਤੱਕ ਮੌਜੂਦਾ ਰਿਆਇਤ ਦੇ ਅਧੀਨ) | ਦਸੰਬਰ 2060 | STP ਅੰਤਰੀਵ WCX ਪ੍ਰੋਜੈਕਟ ਅਤੇ ਸੰਪਤੀ ਟਰੱਸਟਾਂ ਦਾ 100% ਮਾਲਕ ਹੋਵੇਗਾ (ਇੰਟਰਲਿੰਕ ਰੋਡਜ਼[8] 11 ਦਸੰਬਰ 2026 ਤੱਕ M5 ਈਸਟ ਵੈਸਟ ਲਈ ਰਿਆਇਤ ਰੱਖਦੀ ਹੈ) |
| M5 ਈਸਟ | ਕਿੰਗ ਜੋਰਜ ਰੋਡ ਅਤੇ ਜਨਰਲ ਹੋਮਜ਼ ਡਰਾਈਵ ਵਿਚਕਾਰ ਮੌਜੂਦਾ M5 ਈਸਟ ਮੋਟਰ ਰਸਤਾ। ਇਹ ਸੜਕ ਲੰਬੇ ਟ੍ਰੈਫਿਕ | ਦਸੰਬਰ 2060 | |

[4] ਇੱਕ ਸੰਘ ਹੈ ਜਿਸ ਵਿੱਚ ਟ੍ਰਾਂਸ-ਅਰਬਨ, ਔਸਸੁਪਰ, CPPIB, CDPQ ਅਤੇ ਤਵਾਰੀਡ ਸ਼ਾਮਲ ਹਨ। (https://www.transurban.com/content/dam/investor-centre/06/WestConnex-Acquisition-Equity-Raise.pdf)

[5] ਕੈਨੇਡਾ ਪੈਨਸ਼ਨ ਪਲੈਨ ਇਨਵੈਸਟਮੈਂਟ ਬੋਰਡ

[6] Caisse de dépôt et placement du Québec

[7] ਤਵਾਰੀਡ, ਅਬੂ ਧਾਬੀ ਇਨਵੈਸਟਮੈਂਟ ਅਥਾਰਟੀ (ADIA) ਦੀ ਪੂਰੀ ਮਲਕੀਅਤ ਵਾਲੀ ਸਹਾਇਕ ਕੰਪਨੀ ਹੈ।

[8] ਇੰਟਰਲਿੰਕ ਰੋਡਜ਼ Pty Ltd, ਟ੍ਰਾਂਸ-ਅਰਬਨ ਦੀ ਪੂਰੀ ਮਲਕੀਅਤ ਵਾਲੀ ਸਹਾਇਕ ਕੰਪਨੀ ਹੈ।

[9] ਟ੍ਰਾਂਸ-ਅਰਬਨ ਇਸ ਵੇਲੇ M5 ਸਾਊਥ ਈਸਟ (ਇੰਟਰਲਿੰਕ ਰੋਡਜ਼ ਰਿਆਇਤ) ਦਾ 100 ਪ੍ਰਤੀਸ਼ਤ ਮਾਲਕ ਹੈ। ਜਦੋਂ ਇਹ ਰਿਆਇਤ 11 ਦਸੰਬਰ 2026 ਨੂੰ ਖ਼ਤਮ ਹੋ ਜਾਂਦੀ ਹੈ ਤਾਂ M5 ਸਾਊਥ ਈਸਟ ਦਸੰਬਰ 2060 ਤੱਕ WCX M5 ਰਿਆਇਤ ਦਾ ਹਿੱਸਾ ਬਣੇਗਾ।

| ਟੋਲ ਵਾਲੀ ਸੜਕ | ਵਰਣਨ | ਰਿਆਇਤ ਦਾ ਅੰਤ | ਰਿਆਇਤ-ਧਾਰਕ |
|---|---|---|---|
| | ਇਤਿਹਾਸ ਵਾਲਾ ਇੱਕ ਸਥਾਪਿਤ ਰਸਤਾ ਹੈ | | |
| M8 | ਕਿੰਗਸਗਰੋਵ ਅਤੇ SPI ਵਿਚਕਾਰ 9 ਕਿਲੋਮੀਟਰ ਲੰਬੀਆਂ ਜੁੜਵੀਆਂ ਸੁਰੰਗਾਂ | ਦਸੰਬਰ 2060 | |
| M4-M8 ਲਿੰਕ | ਵਾਟਲ ਸਟ੍ਰੀਟ 'ਤੇ M8 ਤੋਂ M4 ਈਸਟ ਤੱਕ 7.5 ਕਿਲੋਮੀਟਰ ਲੰਬੀਆਂ ਜੁੜਵੀਆਂ ਟਿਊਬ ਸੁਰੰਗਾਂ | ਦਸੰਬਰ 2060 | |
| ਕਰਾਸ ਸਿਟੀ ਸੁਰੰਗ | ਸਿਡਨੀ ਦੇ ਡਾਰਲਿੰਗ ਹਾਰਬਰ ਨੂੰ ਰਸ਼ਕਟਰਸ ਬੇਅ ਨਾਲ ਜੋੜਦੀ 2.1 ਕਿਲੋਮੀਟਰ ਲੰਬੀ ਸੁਰੰਗ | ਦਸੰਬਰ 2035 | • ਟ੍ਰਾਂਸ-ਅਰਬਨ (100%) |
| ਈਸਟਰਨ ਡਿਸਟ੍ਰੀਬਿਊਟਰ | ਸਿਡਨੀ ਸਿਟੀ ਸੈਂਟਰ, ਹਾਰਬਰ ਟਨਲ ਅਤੇ ਹਾਰਬਰ ਬ੍ਰਿਜ ਨੂੰ ਦੱਖਣੀ ਇਲਾਕਿਆਂ ਅਤੇ KSA ਨਾਲ ਜੋੜਦੀ 6 ਕਿਲੋਮੀਟਰ ਲੰਬੀ ਸੜਕ | ਜੁਲਾਈ 2048 | • ਟ੍ਰਾਂਸ-ਅਰਬਨ: 75.1%<br>• IFM: 14.4%<br>• ਯੂਨੀਸੁਪਰ: 10.5% |
| ਹਿੱਲਜ਼ M2 | 21 ਕਿਲੋਮੀਟਰ ਲੰਬੀ ਸੜਕ ਸਿਡਨੀ ਦੇ ਹੇਠਲੇ ਉੱਤਰੀ ਕਿਨਾਰੇ ਅਤੇ ਨੋਰਥ-ਵੈਸਟ ਇਲਾਕਿਆਂ ਨੂੰ ਆਪਸ ਵਿੱਚ ਜੋੜਦੀ ਹੈ, ਵੈਸਟਲਿੰਕ M7 ਅਤੇ ਲੇਨ ਕੋਵ ਟਨਲ ਨੂੰ ਆਪਸ ਵਿੱਚ ਜੋੜਦੀ ਹੈ | ਜੂਨ 2048 | • ਟ੍ਰਾਂਸ-ਅਰਬਨ: 100% |
| ਲੇਨ ਕੋਵ ਸੁਰੰਗ | ਸਿਡਨੀ ਦੇ ਨੋਰਥ-ਵੈਸਟ ਕੋਰੀਡੋਰ ਨੂੰ ਸਹੂਲਤ ਦੇਣ ਵਾਲੀ 3.6 ਕਿਲੋਮੀਟਰ ਲੰਬੀ ਜੁੜਵੀਂ ਸੁਰੰਗ, ਜੋ ਹਿਲਜ਼ M2 ਨੂੰ ਨਾਲ ਜੋੜਦੀ ਹੈ | ਜੂਨ 2048 | • ਟ੍ਰਾਂਸ-ਅਰਬਨ: 100% |
| ਨੋਰਥ ਕਨੈਕਸ | ਜਿਸ ਵਿੱਚ ਮਿਲਟਰੀ ਰੋਡ ਈ-ਰੈਂਪਸ ਸ਼ਾਮਿਲ ਹਨ | ਜੂਨ 2048 | • ਟ੍ਰਾਂਸ-ਅਰਬਨ: 50%<br>• QIC: 25%<br>• CPPIB: 25% |
| ਵੈਸਟਲਿੰਕ M7 | ਜੁੜਵੀਂ 9km ਦੋਹਰੀ-ਲੇਨ ਸੁਰੰਗ ਜੋ M1 ਪੈਸੀਫਿਕ ਮੋਟਰ ਰਸਤੇ ਨੂੰ ਹਿੱਲਜ਼ M2 ਮੋਟਰ ਰਸਤੇ ਨਾਲ ਜੋੜਦੀ ਹੈ। | ਸਤੰਬਰ 2051 | • ਟ੍ਰਾਂਸ-ਅਰਬਨ: 50%<br>• QIC: 25%<br>• CPPIB: 25% |

ਹੇਠਾਂ ਦਿੱਤੀ ਸਾਰਣੀ 2 ਮਈ 2023 ਤੱਕ ਦੀ ਤਾਜ਼ਾ ਜਾਣਕਾਰੀ ਨਾਲ ਟੋਲ ਸੜਕਾਂ, ਟੋਲਿੰਗ ਪ੍ਰਣਾਲੀਆਂ, ਅਤੇ ਮੌਜੂਦਾ ਕੀਮਤਾਂ ਦੀ ਰੂਪਰੇਖਾ ਦਿੰਦੀ ਹੈ। ਇਹ ਸਾਰਣੀ ਟੋਲ ਵਿੱਚ ਪਰਿਵਰਤਨ (ਹੇਠਾਂ ਪਰਿਭਾਸ਼ਿਤ) ਅਤੇ ਟੋਲ ਵਾਧੇ ਦੀਆਂ ਦਰਾਂ ਨੂੰ ਉਜਾਗਰ ਕਰਦੀ ਹੈ ਜੋ ਪੂਰੇ ਨੈੱਟਵਰਕ ਭਰ ਵਿੱਚ ਮੌਜੂਦ ਹਨ।

ਸਾਰਣੀ 2: NSW ਟੋਲ ਸੜਕਾਂ ਦੇ ਟੋਲ ਚਾਰਜ, ਕੀਮਤਾਂ ਅਤੇ ਵਾਧੇ (ਮਈ 2023 ਤੱਕ, ਸਰੋਤ: ਲਿੰਕਟ)

| ਟੋਲ ਵਾਲੀ ਸੜਕ | ਦਿਸ਼ਾ ਖ਼ਰਚੇ/<br>ਟੋਲ ਲਗਾਉਣ ਦੀ ਵਿਧੀ | ਕਲਾਸ A ਟੋਲ (ਜੂਨ 2023 ਤੋਂ ਪ੍ਰਭਾਵੀ) | ਕਲਾਸ B ਟੋਲ (ਜੂਨ 2023 ਤੋਂ ਪ੍ਰਭਾਵੀ) (ਟਰੱਕ ਗੁਣਕ) | ਵਾਧਾ ਦਰ |
|---|---|---|---|---|
| ਸਿਡਨੀ ਹਾਰਬਰ ਬ੍ਰਿਜ | ਦੱਖਣ ਵੱਲ/ ਦਿਨ ਦੇ ਸਮੇਂ | ਬਦਲਣਯੋਗ, ਵੱਧ ਆਵਾਜਾਈ ਵਾਲੇ ਸਮੇਂ ਵਿੱਚ $4.00 | ਬਦਲਣਯੋਗ, ਵੱਧ ਆਵਾਜਾਈ ਵਾਲੇ ਸਮੇਂ ਵਿੱਚ $4.00 (1x) | ਰਾਜ ਦੁਆਰਾ ਤੈਅ ਕੀਤੀ ਗਈ (ਅੱਜ ਕੋਈ ਵਾਧਾ ਨਹੀਂ) |
| ਸਿਡਨੀ ਹਾਰਬਰ ਸੁਰੰਗ | ਦੱਖਣ ਵੱਲ/ ਦਿਨ ਦੇ ਸਮੇਂ | ਬਦਲਣਯੋਗ, ਵੱਧ ਆਵਾਜਾਈ ਵਾਲੇ ਸਮੇਂ ਵਿੱਚ $4.00 | ਬਦਲਣਯੋਗ, ਵੱਧ ਆਵਾਜਾਈ ਵਾਲੇ ਸਮੇਂ ਵਿੱਚ $4.00 (1x) | ਸਿਡਨੀ ਹਾਰਬਰ ਬ੍ਰਿਜ ਨਾਲ ਇਕਸਾਰ |
| M4<br>(ਵੈਸਟ ਕਨੈਕਸ) | ਹਰ ਦਿਸ਼ਾ ਵੱਲ/ਉੱਕਾ-ਪੱਕਾ ਲੱਗਣ (ਫਲੈਗਫਾਲ) ਦੇ ਨਾਲ-ਨਾਲ ਦੂਰੀ ਅਧਾਰਿਤ | $1.57 ਉੱਕਾ-ਪੱਕਾ, $0.58/ਕਿ.ਮੀ $11.11 ਕੈਪ (ਹੱਦਬੰਦੀ ਰਕਮ) | $4.71 ਉੱਕਾ-ਪੱਕਾ, $1.74/ਕਿ.ਮੀ (3x) $33.32 ਕੈਪ (ਹੱਦਬੰਦੀ ਰਕਮ) | 2040 ਤੱਕ CPI ਅਤੇ 4% ਪ੍ਰਤੀ ਸਾਲ ਵਿੱਚੋਂ ਜੋ ਵੀ ਵੱਧ ਹੋਵੇ, ਇਸਤੋਂ ਬਾਅਦ CPI ਲਾਗੂ ਹੋਵੇਗੀ |
| M5 ਸਾਊਥ ਵੈਸਟ<br>(ਵੈਸਟ ਕਨੈਕਸ) | ਹਰ ਦਿਸ਼ਾ ਵੱਲ/ਮੁਕੱਰਰ | $1.57 ਉੱਕਾ-ਪੱਕਾ, $0.58/ਕਿ.ਮੀ $11.11 ਕੈਪ (ਹੱਦਬੰਦੀ ਰਕਮ) | $4.71 ਉੱਕਾ-ਪੱਕਾ, $1.74/ਕਿ.ਮੀ (3x) $33.32 ਕੈਪ (ਹੱਦਬੰਦੀ ਰਕਮ) | CPI ਪ੍ਰਤੀ ਤਿਮਾਹੀ (2026 ਹੈਂਡਓਵਰ ਤੋਂ ਬਾਅਦ ਕੋਈ ਬਦਲਾਅ ਨਹੀਂ) |
| M5 ਈਸਟ<br>(ਵੈਸਟ ਕਨੈਕਸ) | ਹਰ ਦਿਸ਼ਾ ਵੱਲ/ਉੱਕਾ-ਪੱਕਾ ਲੱਗਣ (ਫਲੈਗਫਾਲ) ਦੇ ਨਾਲ-ਨਾਲ ਦੂਰੀ ਅਧਾਰਿਤ | $1.57 ਉੱਕਾ-ਪੱਕਾ, $0.58/ਕਿ.ਮੀ $11.11 ਕੈਪ (ਹੱਦਬੰਦੀ ਰਕਮ) | $4.71 ਉੱਕਾ-ਪੱਕਾ, $1.74/ਕਿ.ਮੀ (3x) $33.32 ਕੈਪ (ਹੱਦਬੰਦੀ ਰਕਮ) | 2040 ਤੱਕ CPI ਅਤੇ 4% ਪ੍ਰਤੀ ਸਾਲ ਵਿੱਚੋਂ ਜੋ ਵੀ ਵੱਧ ਹੋਵੇ, ਇਸਤੋਂ ਬਾਅਦ CPI ਲਾਗੂ ਹੋਵੇਗੀ |
| M8<br>(ਵੈਸਟ ਕਨੈਕਸ) | ਹਰ ਦਿਸ਼ਾ ਵੱਲ/ਉੱਕਾ-ਪੱਕਾ ਲੱਗਣ (ਫਲੈਗਫਾਲ) ਦੇ ਨਾਲ-ਨਾਲ ਦੂਰੀ ਅਧਾਰਿਤ | $1.57 ਉੱਕਾ-ਪੱਕਾ, $0.58/ਕਿ.ਮੀ $11.11 ਕੈਪ (ਹੱਦਬੰਦੀ ਰਕਮ) | $4.71 ਉੱਕਾ-ਪੱਕਾ, $1.74/ਕਿ.ਮੀ (3x) $33.32 ਕੈਪ (ਹੱਦਬੰਦੀ ਰਕਮ) | 2040 ਤੱਕ CPI ਅਤੇ 4% ਪ੍ਰਤੀ ਸਾਲ ਵਿੱਚੋਂ ਜੋ ਵੀ ਵੱਧ ਹੋਵੇ, ਇਸਤੋਂ ਬਾਅਦ CPI ਲਾਗੂ ਹੋਵੇਗੀ |
| M4-M8 ਲਿੰਕ<br>(ਵੈਸਟ ਕਨੈਕਸ) | ਹਰ ਦਿਸ਼ਾ ਵੱਲ/ਉੱਕਾ-ਪੱਕਾ ਲੱਗਣ (ਫਲੈਗਫਾਲ) ਦੇ ਨਾਲ-ਨਾਲ ਦੂਰੀ ਅਧਾਰਿਤ | $1.57 ਉੱਕਾ-ਪੱਕਾ, $0.58/ਕਿ.ਮੀ $11.11 ਕੈਪ (ਹੱਦਬੰਦੀ ਰਕਮ) | $4.71 ਉੱਕਾ-ਪੱਕਾ, $1.74 ਕਿ.ਮੀ (3x) $33.32 ਕੈਪ (ਹੱਦਬੰਦੀ ਰਕਮ) | 2040 ਤੱਕ CPI ਅਤੇ 4% ਪ੍ਰਤੀ ਸਾਲ ਵਿੱਚੋਂ ਜੋ ਵੀ ਵੱਧ ਹੋਵੇ, ਇਸਤੋਂ ਬਾਅਦ CPI ਲਾਗੂ ਹੋਵੇਗੀ |
| ਕਰਾਸ ਸਿਟੀ ਸੁਰੰਗ | ਹਰ ਦਿਸ਼ਾ ਵੱਲ/ਮੁਕੱਰਰ | $3.12-$6.62 | $6.24-$13.24 (2x) | CPI ਪ੍ਰਤੀ ਤਿਮਾਹੀ |

| ਟੋਲ ਵਾਲੀ ਸੜਕ | ਦਿਸ਼ਾ ਖ਼ਰਚੇ/<br>ਟੋਲ ਲਗਾਉਣ ਦੀ ਵਿਧੀ | ਕਲਾਸ A ਟੋਲ (ਜੂਨ 2023 ਤੋਂ ਪ੍ਰਭਾਵੀ) | ਕਲਾਸ B ਟੋਲ (ਜੂਨ 2023 ਤੋਂ ਪ੍ਰਭਾਵੀ) (ਟਰੱਕ ਗੁਣਕ) | ਵਾਧਾ ਦਰ |
|---|---|---|---|---|
| ਈਸਟਰਨ ਡਿਸਟ੍ਰੀਬਿਊਟਰ* | ਉੱਤਰ ਵੱਲ / ਮੁਕੱਰਰ | $9.09 | $18.17 (2x) | (37.5% x CPI + 63.5% x AWE) ਅਤੇ 1% ਪ੍ਰਤੀ ਤਿਮਾਹੀ ਵਿੱਚੋਂ ਜੋ ਵੀ ਵੱਧ ਹੋਵੇ |
| ਹਿੱਲਜ਼ M2 | ਹਰ ਦਿਸ਼ਾ ਵੱਲ/ਮੁਕੱਰਰ | $2.73-$9.23 | $8.18-$27.68 (3x) | CPI ਅਤੇ 1% ਪ੍ਰਤੀ ਤਿਮਾਹੀ ਵਿੱਚੋਂ ਜੋ ਵੀ ਵੱਧ ਹੋਵੇ |
| ਲੇਨ ਕੋਵ ਸੁਰੰਗ | ਹਰ ਦਿਸ਼ਾ ਵੱਲ/ਮੁਕੱਰਰ | $1.92-$3.84 | $6.24-$13.24 (3.4x) | CPI ਪ੍ਰਤੀ ਤਿਮਾਹੀ |
| ਨੋਰਥ ਕਨੈਕਸ | ਹਰ ਦਿਸ਼ਾ ਵੱਲ/ਮੁਕੱਰਰ | $9.23 | $27.68 (3x) | CPI ਅਤੇ 1% ਪ੍ਰਤੀ ਤਿਮਾਹੀ ਵਿੱਚੋਂ ਜੋ ਵੀ ਵੱਧ ਹੋਵੇ |
| ਵੈਸਟਲਿੰਕ M7 | ਹਰ ਦਿਸ਼ਾ ਵੱਲ/ਦੂਰੀ ਅਧਾਰਿਤ | $0.63/ਕਿ.ਮੀ, $9.38 'ਤੇ ਹੱਦਬੰਦੀ ਕੀਤੀ ਗਈ ਗਈ | $1.89/ਕਿ.ਮੀ, $28.14 (3x) 'ਤੇ ਹੱਦਬੰਦੀ ਕੀਤੀ ਗਈ ਗਈ | CPI ਪ੍ਰਤੀ ਤਿਮਾਹੀ |

* ਈਸਟਰਨ ਡਿਸਟ੍ਰੀਬਿਊਟਰ ਅਤੇ M5 ਸਾਊਥ ਵੈਸਟ ਲਈ, ਕਲਾਸ A ਵਾਹਨ ਜਾਂ ਤਾਂ 2.0ਮੀਟਰ ਤੋਂ ਘੱਟ ਉਚਾਈ ਵਾਲੇ 3-ਐਕਸਲ ਵਾਹਨ, ਜਾਂ 2.8ਮੀਟਰ ਤੋਂ ਘੱਟ ਉਚਾਈ ਵਾਲੇ 2-ਐਕਸਲ ਵਾਹਨ ਹੋਣੇ ਚਾਹੀਦੇ ਹਨ।

ਟੋਲ ਭਾੜੇ ਦੀ ਕਿਸਮ:

- **ਫਲੈਟ ਰੇਟ ਜਾਂ ਮੁਕੱਰਰ ਟੋਲ:** ਰਵਾਇਤੀ ਟੋਲ ਲਗਾਉਣ ਦੀ ਵਿਧੀ ਜਿੱਥੇ ਮੋਟਰ ਰਸਤਿਆਂ ਦੀ ਵਰਤੋਂ ਲਈ ਇੱਕ ਨਿਸ਼ਚਿਤ ਟੋਲ ਲੱਗਿਆ ਹੁੰਦਾ ਹੈ, ਦੂਰੀ ਜਾਂ ਸਮੇਂ ਦੀ ਪਰਵਾਹ ਕੀਤੇ ਬਗ਼ੈਰ। ਫਲੈਟ ਰੇਟ ਟੋਲ ਆਮ ਤੌਰ 'ਤੇ ਉੱਥੇ ਲਾਗੂ ਕੀਤੇ ਜਾਂਦੇ ਹਨ ਜਿੱਥੇ ਕੇਵਲ ਇੱਕ ਸਥਾਨ ਤੋਂ ਹੀ ਦਾਖਲ ਹੋਣ ਅਤੇ ਬਾਹਰ ਨਿਕਲਣ ਦਾ ਰਸਤਾ ਹੁੰਦਾ ਹੈ।
- **ਦੂਰੀ-ਅਧਾਰਿਤ ਟੋਲ:** ਟੋਲ ਦੀ ਗਣਨਾ ਮੋਟਰ ਰਸਤਿਆਂ 'ਤੇ ਤਹਿ ਕੀਤੀ ਦੂਰੀ ਦੇ ਅਧਾਰ 'ਤੇ ਕੀਤੀ ਜਾਂਦੀ ਹੈ। ਟੋਲ ਗੈਂਟਰੀ ਮੋਟਰ ਰਸਤਿਆਂ 'ਤੇ ਦਾਖਲ ਹੋਣ ਅਤੇ ਬਾਹਰ ਨਿਕਲਣ ਵਾਲੇ ਸਥਾਨਾਂ 'ਤੇ ਸਥਿਤ ਹੁੰਦੇ ਹਨ ਅਤੇ ਲਾਗੂ ਟੋਲ ਦੀ ਗਣਨਾ ਕਰਨ ਲਈ ਵਾਹਨ ਦੇ ਇਲੈਕਟ੍ਰਾਨਿਕ ਟੈਗ ਜਾਂ ਨੰਬਰ ਪਲੇਟ ਦੇ ਵੇਰਵੇ ਰਿਕਾਰਡ ਕਰਦੇ ਹਨ।
- **ਦਿਨ ਭਰ ਵਿੱਚ ਸਮੇਂ ਮੁਤਾਬਕ ਬਦਲਣਯੋਗ:** ਟੋਲ ਦੀ ਗਣਨਾ ਯਾਤਰਾ ਦੇ ਸਮੇਂ ਦੇ ਆਧਾਰ 'ਤੇ ਕੀਤੀ ਜਾਂਦੀ ਹੈ। ਵੱਧ ਆਵਾਜਾਈ ਵਾਲੇ ਸਮੇਂ (ਪੀਕ ਪੀਰੀਅਡ) ਤੋਂ ਬਾਹਰ ਯਾਤਰਾ ਕਰਨ ਵਾਲੇ ਵਾਹਨ ਵੱਧ ਆਵਾਜਾਈ ਵਾਲੇ ਸਮੇਂ ਦੌਰਾਨ ਯਾਤਰਾ ਕਰਨ ਵਾਲੇ ਵਾਹਨਾਂ ਨਾਲੋਂ ਘੱਟ ਟੋਲ ਅਦਾ ਕਰਦੇ ਹਨ।

# 4 ਇਸ ਟੋਲ ਸਮੀਖਿਆ ਦਾ ਪਿਛੋਕੜ

ਜਿਵੇਂ ਕਿ ਸਮੇਂ ਦੇ ਨਾਲ ਸਿਡਨੀ ਦੇ ਮੋਟਰ ਰਸਤਿਆਂ ਦਾ ਵਿਸਤਾਰ ਹੋਇਆ ਹੈ, ਟੋਲ ਵਧੇਰੇ ਪ੍ਰਚਲਿਤ ਹੋ ਗਏ ਹਨ ਅਤੇ ਇਹ ਬਹੁਤ ਸਾਰੇ ਵਾਹਨ ਚਾਲਕਾਂ ਲਈ ਕਾਫ਼ੀ ਅਹਿਮ ਲਾਗਤ ਹਨ। ਨਾਲ ਹੀ, ਪਿਛਲੇ ਦੋ ਸਾਲਾਂ ਵਿੱਚ ਪਹਿਲਾਂ ਨਾਲੋਂ ਮੁਕਾਬਲਤਨ ਉੱਚ ਪੱਧਰੀ ਮਹਿੰਗਾਈ ਹੋਣ ਨਾਲ, ਟੋਲ ਦੇ ਖ਼ਰਚੇ ਦੇ ਬੋਝ ਨੂੰ ਰਹਿਣ-ਸਹਿਣ ਦੇ ਖ਼ਰਚੇ ਵਿੱਚ ਬਹੁਤ ਸਾਰੇ ਵਾਹਨ ਚਾਲਕਾਂ ਦੁਆਰਾ ਗੰਭੀਰਤਾ ਨਾਲ ਮਹਿਸੂਸ ਕੀਤਾ ਗਿਆ ਹੈ, ਖ਼ਾਸ ਤੌਰ 'ਤੇ ਉੱਥੇ ਜਿੱਥੇ ਉਨ੍ਹਾਂ ਕੋਲ ਮੋਟਰ ਰਸਤਿਆਂ ਦੀ ਵਰਤੋਂ ਤੋਂ ਇਲਾਵਾ ਜਨਤਕ ਆਵਾਜਾਈ ਸਮੇਤ, ਸੀਮਤ ਵਿਹਾਰਕ ਵਿਕਲਪ ਹਨ।

ਮਾਰਚ 2021 ਵਿੱਚ ਵਿਰੋਧੀ ਪਾਰਟੀਆਂ ਨੇ ਸਮਾਜ ਵਿੱਚ ਚਿੰਤਾ ਪੈਦਾ ਕਰਨ ਵਾਲੇ ਸੜਕ ਟੋਲ ਦੇ ਕਈ ਪਹਿਲੂਆਂ 'ਤੇ ਵਿਚਾਰ ਕਰਨ ਲਈ ਇੱਕ ਸੰਸਦੀ ਜਾਂਚ ਸ਼ੁਰੂ ਕੀਤੀ ਸੀ।[10] ਇਹ 2017 ਵਿੱਚ ਹੋਈ ਇੱਕ ਸ਼ੁਰੂਆਤੀ ਜਾਂਚ-ਪੜਤਾਲ ਤੋਂ ਬਾਅਦ ਹੋਇਆ ਸੀ।[11]

ਇਸ ਜਾਂਚ ਦੇ ਦੌਰਾਨ ਸਰਕਾਰ ਨੇ ਘੋਸ਼ਣਾ ਕੀਤੀ ਸੀ ਕਿ ਉਸਨੇ ਟੋਲ ਕੀਮਤਾਂ ਲਈ ਖਜ਼ਾਨਾ ਵਿਭਾਗ ਅਤੇ NSW ਲਈ ਟ੍ਰਾਂਸਪੋਰਟ ਵਿਭਾਗ ਵੱਲੋਂ ਸਮੀਖਿਆ ਵੀ ਸ਼ੁਰੂ ਕੀਤੀ ਹੈ। ਇਸ ਕੰਮ ਦੀ ਤਿਆਰੀ ਦਸੰਬਰ 2021 ਵਿੱਚ ਸ਼ੁਰੂ ਹੋਈ ਅਤੇ ਨਵੰਬਰ 2022 ਵਿੱਚ ਬੰਦ ਹੋ ਗਈ ਸੀ ਅਤੇ ਇਸ ਬਾਰੇ ਕੋਈ ਰਿਪੋਰਟ ਜਾਰੀ ਨਹੀਂ ਕੀਤੀ ਗਈ ਸੀ।

NSW ਦੇ ਖਜ਼ਾਨਾ ਵਿਭਾਗ ਅਤੇ NSW ਦੇ ਟ੍ਰਾਂਸਪੋਰਟ ਵਿਭਾਗ ਦੁਆਰਾ 2022 ਵਿੱਚ ਕੀਤੇ ਗਏ ਪੁਰਾਣੇ ਕੰਮ ਬਾਰੇ ਇੱਕ ਸੰਖੇਪ ਰਿਪੋਰਟ ਮਿਨਸ ਸਰਕਾਰ ਦੁਆਰਾ ਜਾਰੀ ਕੀਤੀ ਜਾ ਰਹੀ ਹੈ। ਪਹਿਲਾਂ ਕੀਤਾ ਗਿਆ ਕੰਮ NSW ਟੋਲ ਰੋਡ ਨੈੱਟਵਰਕ ਨੂੰ ਸੁਧਾਰਨ ਲਈ ਕਈ ਵਿਕਲਪਾਂ ਦੀ ਜਾਂਚ ਨੂੰ ਸਵੀਕਾਰ ਕਰਦਾ ਹੈ ਅਤੇ ਇਹ ਕਿ ਇਹਨਾਂ ਅਤੇ ਹੋਰ ਕਿਸੇ ਵੀ ਵਿਕਲਪਾਂ ਦਾ ਉਚਿਤ ਮੁਲਾਂਕਣ ਕਰਨ ਲਈ ਅਗਲੇ ਕੰਮ ਦੀ ਲੋੜ ਹੈ ਜੋ ਉਭਰ ਸਕਦੇ ਹਨ।

ਨਵੀਂ ਸੁਤੰਤਰ ਟੋਲ ਸਮੀਖਿਆ, ਜਿਸ ਦੀ ਅਗਵਾਈ ਪ੍ਰੋ. ਫ਼ੇਲਜ਼ ਅਤੇ ਡਾ. ਕਜ਼ਨਜ਼ ਦੁਆਰਾ ਕੀਤੀ ਜਾ ਰਹੀ ਹੈ, ਨੂੰ NSW ਦੇ ਖਜ਼ਾਨਾ, NSW ਲਈ ਟ੍ਰਾਂਸਪੋਰਟ ਅਤੇ ਪ੍ਰੀਮੀਅਰ ਅਤੇ ਕੈਬਨਿਟ ਵਿਭਾਗ ਦੁਆਰਾ ਸਹਾਇਤਾ ਦਿੱਤੀ ਜਾ ਰਹੀ ਹੈ। ਹੋਰ ਸਾਰੇ ਸੰਭਾਵੀ ਵਿਕਲਪਾਂ ਦੇ ਨਾਲ-ਨਾਲ ਪੁਰਾਣੇ ਕੰਮ ਦੇ ਵਿਕਲਪਾਂ ਦੇ ਵਿਸ਼ਲੇਸ਼ਣ ਨੂੰ ਨਵੀਂ ਸਮੀਖਿਆ ਦੇ ਹਿੱਸੇ ਵਜੋਂ ਅੱਗੇ ਵਧਾਇਆ ਜਾਵੇਗਾ। ਇਸ ਸੰਬੰਧ ਵਿੱਚ, ਪਿਛਲੇ ਕੰਮ ਬਾਰੇ ਇਹ ਸੰਖੇਪ ਰਿਪੋਰਟ ਸੁਤੰਤਰ ਟੋਲ ਸਮੀਖਿਆ ਲਈ ਇੱਕ ਇਨਪੁਟ (ਪ੍ਰੇਰਕ ਜਾਣਕਾਰੀ) ਹੈ ਅਤੇ ਇਹ ਸਾਬਕਾ ਜਾਂ ਮੌਜੂਦਾ NSW ਸਰਕਾਰ ਦੇ ਪ੍ਰਵਾਨਿਤ ਨੀਤੀ ਨਿਰਦੇਸ਼ਾਂ ਨੂੰ ਨਹੀਂ ਦਰਸਾਉਂਦੀ ਹੈ।

ਨਵੀਂ ਸੁਤੰਤਰ ਟੋਲ ਸਮੀਖਿਆ ਦੇ ਹਵਾਲੇ ਦੀਆਂ ਸ਼ਰਤਾਂ ਪਿਛਲੇ ਕੰਮ ਦੀਆਂ ਸ਼ਰਤਾਂ ਦੇ ਸਮਾਨ ਹੀ ਹਨ, ਪਰ ਕੁੱਝ ਜ਼ੋਰ ਦੇਣ ਵਾਲੇ ਅੰਤਰ ਹਨ। ਸਿਡਨੀ ਵਿੱਚ ਮੋਟਰਵੇਅ ਦੇ ਵਿਆਪਕ ਨੈੱਟਵਰਕ ਵਿੱਚ ਕੀਮਤਾਂ ਦੀ ਇਕਸਾਰਤਾ ਤੋਂ ਇਲਾਵਾ ਖ਼ਾਸ ਤੌਰ 'ਤੇ, ਸੁਤੰਤਰ ਟੋਲ ਸਮੀਖਿਆ ਵਿੱਚ ਭੀੜ-ਭੜੱਕੇ ਨੂੰ ਹੱਲ ਕਰਨ ਅਤੇ ਸਿਡਨੀ ਦੇ ਸੜਕੀ ਨੈੱਟਵਰਕ ਦੀ ਵਧੇਰੇ ਕੁਸ਼ਲ ਵਰਤੋਂ ਕਰਨ ਲਈ ਕੀਮਤ ਨਿਰਧਾਰਨ ਦੀ ਕੁਸ਼ਲਤਾ, ਜਨਤਕ ਆਵਾਜਾਈ ਦੇ ਨਾਲ ਇੰਟਰਫੇਸ 'ਤੇ ਜ਼ਿਆਦਾ ਜ਼ੋਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ, ਇਸ ਸਮੀਖਿਆ ਨੂੰ ਸਪੱਸ਼ਟ ਤੌਰ 'ਤੇ ਸੜਕ ਟੋਲ ਨੂੰ ਪ੍ਰਭਾਵਿਤ ਕਰਨ ਲਈ ਮੁਕਾਬਲੇ ਅਤੇ ਨਿਯਮਾਂ ਦੀ ਗੁੰਜਾਇਸ਼ 'ਤੇ ਵਿਚਾਰ ਕਰਨ ਲਈ ਕਿਹਾ ਗਿਆ ਹੈ।

---

[10] NSW ਵਿਧਾਨ ਪ੍ਰੀਸ਼ਦ, ਪੋਰਟਫੋਲੀਓ ਕਮੇਟੀ ਨੰਬਰ 6 - ਟ੍ਰਾਂਸਪੋਰਟ, ਟੋਡ ਟੋਲਿੰਗ ਪ੍ਰਣਾਲੀਆਂ, 1 ਅਗਸਤ 2022।

[11] NSW ਵਿਧਾਨ ਪ੍ਰੀਸ਼ਦ, ਪੋਰਟਫੋਲੀਓ ਕਮੇਟੀ ਨੰਬਰ 2 - ਸਿਹਤ ਅਤੇ ਗਾਹਕ ਸੇਵਾਵਾਂ, NSW ਵਿੱਚ ਰੋਡ ਟੋਲਿੰਗ, 20 ਅਕਤੂਬਰ 2017।

## 4.1 ਮੁਕਾਬਲੇਬਾਜ਼ੀ ਅਤੇ ਨਿਯਮ

ਇਸ ਸੁਤੰਤਰ ਟੋਲ ਸਮੀਖਿਆ ਨੂੰ ਸੜਕ ਟੋਲ ਨੂੰ ਪ੍ਰਭਾਵਿਤ ਕਰਨ ਲਈ ਮੁਕਾਬਲੇਬਾਜ਼ੀ ਅਤੇ ਨਿਯਮਾਂ ਦੀ ਗੁੰਜਾਇਸ਼ ਅਤੇ ਪ੍ਰਦਾਤਾਵਾਂ ਦੁਆਰਾ ਸੇਵਾ ਪ੍ਰਬੰਧ ਦੀ ਕੁਸ਼ਲਤਾ ਦੀ ਜਾਂਚ ਕਰਨ ਲਈ ਕਿਹਾ ਗਿਆ ਹੈ। ਇਹ ਭਾਗ ਸੰਖੇਪ ਵਿੱਚ ਵਿਚਾਰ ਕਰਦਾ ਹੈ ਕਿ ਮੁਕਾਬਲੇਬਾਜ਼ੀ ਸੜਕ ਟੋਲ 'ਤੇ ਕਿਵੇਂ ਪ੍ਰਭਾਵ ਪਾ ਸਕਦੀ ਹੈ ਅਤੇ ਨਿਯਮਾਂ ਦੀ ਗੁੰਜਾਇਸ਼ ਕੀ ਹੋ ਸਕਦੀ ਹੈ।

ਮੁਕਾਬਲੇਬਾਜ਼ੀ ਇੱਕ ਪ੍ਰਕਿਰਿਆ ਹੈ ਜਿੱਥੇ ਫਰਮਾਂ ਵਿਚਕਾਰ ਸ਼ਰੀਕੇਬਾਜ਼ੀ ਬਾਜ਼ਾਰ ਦੇ ਨਤੀਜਿਆਂ ਨੂੰ ਚਲਾਉਂਦੀ ਹੈ। ਕਿਸੇ ਉਦਯੋਗ ਦੀ ਬਣਤਰ ਮੁਕਾਬਲੇਬਾਜ਼ੀ ਦਾ ਇੱਕ ਮੁੱਖ ਚਾਲਕ ਹੈ। ਮੁਕਾਬਲੇਬਾਜ਼ੀ ਆਮ ਤੌਰ 'ਤੇ ਕਮਜ਼ੋਰ ਹੁੰਦੀ ਹੈ ਜਿੱਥੇ ਤਿੰਨ ਤੋਂ ਘੱਟ ਮੁਕਾਬਲੇਬਾਜ਼ ਹੁੰਦੇ ਹਨ, ਦੋ ਸਿੱਧੇ ਮੁਕਾਬਲੇਬਾਜ਼ਾਂ ਦੀ ਗੱਲ ਨੂੰ ਤਾਂ ਛੱਡ ਹੀ ਦਿਓ। ਹੋ ਸਕਦਾ ਹੈ ਕਿ ਮੁਕਾਬਲਾ ਸਾਰੀਆਂ ਸਥਿਤੀਆਂ ਵਿੱਚ ਚੰਗੇ ਨਤੀਜੇ ਲਿਆਉਣ ਵਿੱਚ ਪ੍ਰਭਾਵਸ਼ਾਲੀ ਨਾ ਹੋਵੇ, ਪਰ ਆਸਟ੍ਰੇਲੀਆ ਵਿੱਚ ਆਮ ਧਾਰਨਾ ਇਹ ਹੈ ਕਿ ਜਿੱਥੇ ਇਹ ਲਾਗੂ ਹੋ ਸਕਦਾ ਹੈ, ਉਸਨੂੰ ਅਜਿਹਾ ਕਰਨ ਦੀ ਆਗਿਆ ਦਿੱਤੀ ਜਾਣੀ ਚਾਹੀਦੀ ਹੈ। ਮੁਕਾਬਲੇਬਾਜ਼ੀ 'ਤੇ ਸਰਕਾਰੀ ਪਾਬੰਦੀਆਂ ਤਾਂ ਹੀ ਲਾਗੂ ਹੋ ਸਕਦੀਆਂ ਹਨ ਜੇਕਰ ਉਹ ਜਨਤਕ ਹਿੱਤ ਵਿੱਚ ਦਿਖਾਈਆਂ ਜਾਂਦੀਆਂ ਹਨ।

ਟੋਲ ਵਾਲੇ ਮੋਟਰ ਰਸਤਿਆਂ ਵਿੱਚ ਮੁਕਾਬਲਾ ਕਈ ਤਰੀਕਿਆਂ ਨਾਲ ਹੁੰਦਾ ਹੈ। ਇਸਦਾ ਸਭ ਤੋਂ ਮਜ਼ਬੂਤ ਤਰੀਕਾ ਮੋਟਰ ਰਸਤਿਆਂ ਨੂੰ ਬਣਾਉਣ ਅਤੇ ਟੋਲ ਵਾਲੇ ਮੋਟਰ ਰਸਤਿਆਂ ਲਈ ਸੇਵਾਵਾਂ ਪ੍ਰਦਾਨ ਕਰਨ ਦੇ ਅਧਿਕਾਰ ਲਈ ਮੁਕਾਬਲਾ ਕਰਨਾ ਹੈ । ਸੰਭਾਵੀ ਰਿਆਇਤ-ਧਾਰਕ ਸਰਕਾਰ ਨੂੰ ਪਹਿਲਾਂ ਇਨ੍ਹਾਂ ਅਧਿਕਾਰਾਂ ਨੂੰ ਲੈਣ ਲਈ ਅਤੇ ਫਿਰ ਜਦੋਂ ਇਕਰਾਰਨਾਮੇ ਨਵਿਆਉਣ ਵਾਲੇ ਹੁੰਦੇ ਹਨ ਉਸ ਸਮੇਂ ਬੋਲੀ ਦਿੰਦੇ ਹਨ। ਜਿਸ ਤਰੀਕੇ ਨਾਲ ਇਹ ਬੋਲੀ ਦੀਆਂ ਪ੍ਰਕਿਰਿਆਵਾਂ ਨੂੰ ਸੰਗਠਿਤ ਕੀਤਾ ਜਾਂਦਾ ਹੈ, ਉਹ ਨਤੀਜਿਆਂ ਨੂੰ ਮਹੱਤਵਪੂਰਨ ਤੌਰ 'ਤੇ ਪ੍ਰਭਾਵਿਤ ਕਰ ਸਕਦਾ ਹੈ।

ਜਦੋਂ ਨਵੀਆਂ ਟੋਲ ਸੜਕਾਂ ਬਣਾਉਣ ਲਈ ਤਜਵੀਜ਼ ਕੀਤੀਆਂ ਜਾਂਦੀਆਂ ਹਨ, ਤਾਂ ਕੀ ਇਹ ਆਪਣੇ-ਆਪ ਹੀ ਇੱਕ ਮੁਕਾਬਲੇਬਾਜ਼ੀ ਵਾਲੀ ਬੋਲੀ ਪ੍ਰਕਿਰਿਆ ਦੇ ਅਧੀਨ ਆ ਜਾਂਦੀਆਂ ਹਨ? ਇਹਨਾਂ ਪ੍ਰਕਿਰਿਆਵਾਂ ਵਿੱਚ ਮੌਜੂਦਾ ਪ੍ਰਦਾਤਾਵਾਂ ਨੂੰ ਸੰਪਤੀ ਸੰਚਾਲਨ ਅਤੇ ਟ੍ਰੈਫਿਕ ਮਾਡਲਿੰਗ ਸਮਰੱਥਾ ਆਦਿ ਬਾਰੇ ਵਧੇਰੇ ਜਾਣਕਾਰੀ ਹੋਣ ਕਰਕੇ ਸੰਭਾਵੀ ਨਵੇਂ ਪ੍ਰਵੇਸ਼ਕਾਂ ਪ੍ਰਤੀ ਕਾਫ਼ੀ ਅਹਿਮ ਫ਼ਾਇਦਾ ਹੁੰਦਾ ਹੋ ਸਕਦਾ ਹੈ। ਇਹ ਯਕੀਨੀ ਬਣਾਉਣ ਦੇ ਤਰੀਕੇ ਮੌਜੂਦ ਹੋ ਸਕਦੇ ਹਨ ਕਿ ਬੋਲੀਕਾਰਾਂ ਨੂੰ ਵਧੇਰੇ ਬਰਾਬਰੀ ਵਾਲੇ ਮੈਦਾਨ ਵਿੱਚ ਲਿਆਂਦਾ ਜਾਵੇ, ਉਦਾਹਰਨ ਵਜੋਂ ਸੰਬੰਧਿਤ ਡੇਟਾ ਜਨਤਕ ਤੌਰ 'ਤੇ ਉਪਲਬਧ ਬਣਾ ਕੇ।

ਟੋਲ ਰੋਡ ਰਿਆਇਤ-ਧਾਰਕ ਹੋਰ ਫਰਮਾਂ ਨੂੰ ਵੀ ਸੇਵਾਵਾਂ ਆਊਟਸੋਰਸ ਕਰ ਸਕਦੇ ਹਨ ਜਿਸ ਨਾਲ ਆਪਣੇ ਫਾਇਦੇ ਲਈ ਕੁਸ਼ਲਤਾਵਾਂ ਨੂੰ ਚਲਾਉਣ ਲਈ ਮੁਕਾਬਲੇਬਾਜ਼ੀ ਦੀ ਵਰਤੋਂ ਕੀਤੀ ਜਾ ਸਕਦੀ ਹੈ। ਆਊਟਸੋਰਸਡ ਸੇਵਾਵਾਂ ਮੋਟਰ ਰਸਤਿਆਂ ਸੇਵਾਵਾਂ ਦੇ ਸਮੂਹ ਨੂੰ ਕਵਰ ਕਰ ਸਕਦੀਆਂ ਹਨ, ਜਿਸ ਵਿੱਚ ਉਸਾਰੀ, ਮੁਰੰਮਤ, ਮੋਟਰ ਰਸਤਿਆਂ ਦਾ ਸੰਚਾਲਨ ਅਤੇ ਟੋਲ ਉਗਰਾਹੀ ਕਰਨਾ ਸ਼ਾਮਲ ਹੈ।

ਟੋਲ ਰਿਆਇਤ-ਧਾਰਕਾਂ ਨੂੰ ਪੂੰਜੀ ਬਾਜ਼ਾਰਾਂ ਦੁਆਰਾ ਪ੍ਰਤੀਯੋਗੀ ਦਬਾਅ ਅਤੇ ਟੇਕਓਵਰ ਦੇ ਸੰਭਾਵੀ ਖ਼ਤਰੇ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। ਇਹ ਦਬਾਅ ਸਿੱਧੇ ਤੌਰ 'ਤੇ ਵਾਹਨ ਚਾਲਕਾਂ ਦੀ ਬਜਾਏ ਕੁਸ਼ਲਤਾਵਾਂ ਨੂੰ ਚਲਾਉਣ ਅਤੇ ਸ਼ੇਅਰਧਾਰਕਾਂ ਨੂੰ ਲਾਭ ਪਹੁੰਚਾਉਣ ਦੀ ਸੰਭਾਵਨਾ ਰੱਖਦੇ ਹਨ।

ਜਦੋਂ ਕਿ ਮੋਟਰ ਰਸਤਿਆਂ ਦੇ ਪ੍ਰਦਾਤਾਵਾਂ ਵਿਚਕਾਰ ਸਿੱਧਾ ਮੁਕਾਬਲਾ ਇਨ੍ਹਾਂ ਸੇਵਾਵਾਂ ਦੀਆਂ ਕੁਦਰਤੀ ਏਕਾਧਿਕਾਰ ਵਿਸ਼ੇਸ਼ਤਾਵਾਂ ਦੇ ਕਾਰਨ ਆਮ ਤੌਰ 'ਤੇ ਮਜ਼ਬੂਤ ਨਹੀਂ ਹੁੰਦਾ ਹੈ, ਆਮ ਤੌਰ 'ਤੇ ਦੂਜੀਆਂ ਟ੍ਰਾਂਸਪੋਰਟ ਸੇਵਾਵਾਂ ਤੋਂ ਹਾਸ਼ੀਏ 'ਤੇ ਮੁਕਾਬਲੇਬਾਜ਼ੀ ਦਾ ਕੁੱਝ ਤੱਤ ਮੌਜੂਦ ਹੁੰਦਾ ਹੈ। ਇਹ ਹੋਰ ਗ਼ੈਰ-ਮੋਟਰਵੇਅ ਸੜਕਾਂ ਤੋਂ ਜਾਂ ਜਨਤਕ ਆਵਾਜਾਈ ਰੇਲ ਅਤੇ ਲਾਈਟ ਰੇਲ ਸੇਵਾਵਾਂ ਸਮੇਤ ਸਥਿਰ ਰੇਲ ਸੇਵਾਵਾਂ ਤੋਂ ਹੋ ਸਕਦਾ ਹੈ। ਇਹ ਮਾਰਕੀਟ ਵਿੱਚ ਤਾਕਤ ਦੀ ਸਮਰੱਥਾ ਲਈ ਇੱਕ ਉੱਚ ਸੀਮਾ ਪ੍ਰਦਾਨ ਕਰ ਸਕਦੇ ਹਨ ਜੋ ਇੱਕ ਟੋਲ ਰੋਡ ਆਪਰੇਟਰ ਵਰਤ ਸਕਦਾ ਹੈ।

ਜੇਕਰ ਮੁਕਾਬਲੇਬਾਜ਼ੀ ਵਾਹਨ ਚਾਲਕਾਂ ਲਈ ਚੰਗੇ ਨਤੀਜੇ ਪੈਦਾ ਕਰਨ ਵਿੱਚ ਪ੍ਰਭਾਵਸ਼ਾਲੀ ਨਹੀਂ ਹੁੰਦੀ ਹੈ, ਤਾਂ ਸਰਕਾਰ ਦੁਆਰਾ ਉਦਯੋਗ ਨੂੰ ਹੋਰ ਨਿਯਮ-ਕਾਨੂੰਨ ਦੇ ਦਾਇਰੇ ਵਿੱਚ ਲਿਆਉਣ ਦਾ ਇੱਕ ਮਾਮਲਾ ਬਣ ਜਾਂਦਾ ਹੈ। ਹੋਰ ਉਦਯੋਗ (ਜਿਵੇਂ ਕਿ ਹਵਾਈ ਅੱਡੇ) ਜਿੱਥੇ ਫਰਮਾਂ ਕੋਲ ਮਹੱਤਵਪੂਰਨ ਮਾਰਕੀਟ ਤਾਕਤ ਹੁੰਦੀ ਹੈ, ਨੂੰ ਅਕਸਰ ਸਰਕਾਰੀ ਸੰਸਥਾਵਾਂ ਜਿਵੇਂ ਕਿ NSW ਵਿੱਚ ਖੁਦਮੁਖਤਿਆਰ ਕੀਮਤ ਅਤੇ ਰੈਗੂਲੇਟਰੀ ਟ੍ਰਿਬਿਊਨਲ (IPART) ਜਾਂ ਰਾਸ਼ਟਰੀ ਪੱਧਰ 'ਤੇ ਆਸਟ੍ਰੇਲੀਅਨ ਕੰਪੀਟੀਸ਼ਨ ਐਂਡ ਕੰਜ਼ਿਊਮਰ ਕਮਿਸ਼ਨ (ACCC) ਦੁਆਰਾ ਕੀਮਤਾਂ ਦੀ ਨਿਗਰਾਨੀ ਦੇ ਕਿਸੇ ਰੂਪ ਦੇ ਅਧੀਨ ਬਣਾਇਆ ਜਾਂਦਾ ਹੈ। ਜੇਕਰ ਇਹ ਸਭ ਮੌਜੂਦਾ ਜਾਂ ਸੋਧੇ ਹੋਏ ਰਿਆਇਤ-ਧਾਰਕ ਸਮਝੌਤਿਆਂ ਦੇ ਨਾਲ ਕੰਮ ਕਰ ਸਕਦਾ ਹੈ ਤਾਂ ਇਹ ਇੱਕ ਮੁੱਦਾ ਹੋਵੇਗਾ ਜੋ ਇਸ ਸਮੀਖਿਆ ਨੂੰ ਵਿਚਾਰਨ ਦੀ ਲੋੜ ਹੈ।

## 4.2 ਟੋਲ ਦਾ ਮੁਲਾਂਕਣ ਕਰਨ ਲਈ ਮਾਪਦੰਡ

ਹਵਾਲੇ ਦੀਆਂ ਸ਼ਰਤਾਂ ਲਈ ਇਸ ਸਮੀਖਿਆ ਵੱਲੋਂ ਟੋਲ ਦੀ ਕੁਸ਼ਲਤਾ, ਨਿਰਪੱਖਤਾ, ਸਰਲਤਾ ਅਤੇ ਪਾਰਦਰਸ਼ਤਾ ਨੂੰ ਵਿਚਾਰਨ ਦੀ ਲੋੜ ਹੈ।

ਕੀਮਤ ਵਿੱਚ ਕੁਸ਼ਲਤਾ ਦੀ ਧਾਰਨਾ ਇੱਕ ਗੁੰਝਲਦਾਰ ਮਸਲਾ ਹੈ। ਮੋਟੇ ਤੌਰ 'ਤੇ, ਹਾਲਾਂਕਿ, ਸਮੀਖਿਆ ਇਸ ਨੂੰ ਉਸ ਹੱਦ ਤੱਕ ਦਰਸਾਉਣ ਲਈ ਲੈਂਦੀ ਹੈ ਜਿਸ ਤੱਕ ਟੋਲ ਮੋਟਰ ਰਸਤਿਆਂ ਦੇ ਨਿਰਮਾਣ ਅਤੇ ਸੰਚਾਲਨ ਨਾਲ ਸੰਬੰਧਿਤ ਅਤੇ ਕੁਸ਼ਲ ਹਾਸ਼ੀਆ ਖ਼ਰਚਿਆਂ ਨੂੰ ਦਰਸਾਉਂਦੇ ਹਨ, ਜਿਸ ਵਿੱਚ ਸੰਬੰਧਿਤ ਸਮਾਜਿਕ ਖ਼ਰਚੇ ਸ਼ਾਮਲ ਹਨ ਜਿਵੇਂ ਕਿ ਭੀੜ ਅਤੇ ਵਾਤਾਵਰਣ ਪ੍ਰਭਾਵਾਂ ਨਾਲ ਜੁੜੇ ਹੋਏ, ਉਦਾਹਰਨ ਲਈ ਵਾਹਨਾਂ ਦੇ ਨਿਕਾਸ ਕਾਰਨ। ਇਹ ਲਾਗਤਾਂ ਬੁਨਿਆਦੀ ਢਾਂਚੇ ਦੇ ਨਿਰਮਾਣ ਦੇ ਸਮੇਂ ਅਤੇ ਮੁਸ਼ਕਲ ਦੇ ਆਧਾਰ 'ਤੇ ਵੱਖ-ਵੱਖ ਹੋਣ ਦੀ ਸੰਭਾਵਨਾ ਹੈ, ਉਦਾਹਰਨ ਲਈ ਕੀ ਸੜਕ ਨੂੰ ਸੁਰੰਗ ਦੀ ਲੋੜ ਹੈ, ਅਤੇ ਸੜਕ 'ਤੇ ਭੀੜ-ਭੜੱਕੇ ਦਾ ਪੱਧਰ, ਜੋ ਯਾਤਰਾ ਦੀ ਗਤੀ ਨੂੰ ਪ੍ਰਭਾਵਿਤ ਕਰੇਗਾ।

ਇਸ ਸਮੀਖਿਆ ਦੁਆਰਾ ਕੀਮਤ ਦੇ ਕਈ ਵਿਕਲਪਾਂ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਇਨ੍ਹਾਂ ਵਿੱਚ ਨੈੱਟਵਰਕ ਕੀਮਤ (ਜ਼ੋਨਾਂ ਦੇ ਨਾਲ), ਦਿਨ ਦੇ ਸਮੇਂ ਮੁਤਾਬਿਕ ਕੀਮਤ, ਗਤੀਸ਼ੀਲ ਜਾਂ ਅਸਲ ਸਮੇਂ ਦੀ ਸਥਿਤੀ ਮੁਤਾਬਿਕ ਕੀਮਤ, ਕੋਰਡਨ ਕੀਮਤ ਅਤੇ ਭਾਰੀ ਵਾਹਨ ਲਈ ਟੋਲ ਸ਼ਾਮਲ ਹਨ।

## 4.3 ਨੈੱਟਵਰਕ ਕੀਮਤ

ਪੁਰਾਣੇ ਕੀਤੇ ਗਏ ਕੰਮ ਦਾ ਮੁੱਖ ਫੋਕਸ ਵੱਖ-ਵੱਖ ਮੋਟਰ ਰਸਤਿਆਂ 'ਤੇ ਲਾਗੂ ਹੋਣ ਵਾਲੀਆਂ ਕਈ ਵੱਖ-ਵੱਖ ਟੋਲਿੰਗ ਸਕੀਮਾਂ ਨੂੰ ਟੋਲ ਵਸੂਲਣ ਜਾਂ ਕੀਮਤ ਦੇ ਉਦੇਸ਼ਾਂ ਲਈ ਇੱਕ ਪੂਰੇ ਨੈੱਟਵਰਕ ਵਜੋਂ ਵਿਚਾਰਨਾ ਸੀ।

ਸਮੁੱਚੇ ਨੈੱਟਵਰਕ ਲਈ ਇੱਕ ਕੀਮਤ ਤੈਅ ਕਰਨ ਵਾਲੀ ਟੋਲ ਲਗਾਉਣ ਦੀ ਪਹੁੰਚ ਵਿੱਚ ਪੂਰੇ ਨੈੱਟਵਰਕ ਵਿੱਚ ਵਧੇਰੇ ਇਕਸਾਰਤਾ ਪ੍ਰਾਪਤ ਕਰਨ ਦਾ ਇੱਕ ਤਰੀਕਾ ਹੈ, ਉਦਾਹਰਨ ਲਈ ਸਮੁੱਚੇ ਨੈੱਟਵਰਕ ਲਈ ਇੱਕ ਨਿਸ਼ਚਿਤ ਡਾਲਰ ਐਕਸੈਸ ਚਾਰਜ ਅਤੇ ਦੂਰੀ ਦੇ ਆਧਾਰ 'ਤੇ ਨੈੱਟਵਰਕ ਦੀ ਵਰਤੋਂ ਲਈ ਬਦਲਣਯੋਗ ਡਾਲਰ ਚਾਰਜ ਨੂੰ ਅਪਣਾਉਣ ਦੁਆਰਾ। ਇਸ ਪਹੁੰਚ ਦੇ ਤਹਿਤ ਪੂਰੇ ਨੈੱਟਵਰਕ ਵਿੱਚ ਵੱਖ-ਵੱਖ ਜ਼ੋਨਾਂ ਦੀ ਪਛਾਣ ਕਰਨਾ ਅਤੇ ਮੋਟਰ ਰਸਤਿਆਂ ਦੇ ਨਿਰਮਾਣ ਦੀ ਲਾਗਤ, ਉਪਭੋਗਤਾਵਾਂ ਦੀ ਭੁਗਤਾਨ ਕਰਨ ਦੀ ਸਮਰੱਥਾ ਅਤੇ ਮੋਟਰ ਰਸਤਿਆਂ ਦੀ ਵਰਤੋਂ ਲਈ ਵਿਕਲਪਾਂ ਦੀ ਉਪਲਬਧਤਾ ਸਮੇਤ ਵੱਖ-ਵੱਖ ਵਿਸ਼ੇਸ਼ਤਾਵਾਂ ਨੂੰ ਦਰਸਾਉਂਦੇ ਵੱਖ-ਵੱਖ ਪਰਿਵਰਤਨਸ਼ੀਲ ਦੂਰੀ-ਅਧਾਰਿਤ ਖ਼ਰਚਿਆਂ ਦਾ ਹੋਣਾ ਵੀ ਸੰਭਵ ਹੈ ਜਿਸ ਵਿੱਚ ਮਹੱਤਵਪੂਰਨ ਤੌਰ 'ਤੇ ਜਨਤਕ ਆਵਾਜਾਈ ਦੀ ਉਪਲਬਧਤਾ ਦਾ ਹੋਣਾ ਸ਼ਾਮਿਲ ਹੈ।

ਇਹ ਸਮੀਖਿਆ ਇਸ ਅਹਿਮ ਵਿਚਾਰ ਦੇ ਪ੍ਰਭਾਵਾਂ ਦੀ ਹੋਰ ਜਾਂਚ ਕਰੇਗੀ। ਅੰਤ ਵਿੱਚ, ਇਸ ਸਮੀਖਿਆ ਨੂੰ ਕੀਮਤਾਂ ਦੇ ਇੱਕ ਸਮੂਹ ਦੇ ਨਾਲ ਆਉਣ ਦੀ ਜ਼ਰੂਰਤ ਹੋਏਗੀ ਜੋ ਕੁਸ਼ਲਤਾ, ਨਿਰਪੱਖਤਾ, ਸਰਲਤਾ ਅਤੇ ਪਾਰਦਰਸ਼ਤਾ ਦੇ ਮਾਪਦੰਡਾਂ ਨੂੰ ਪੂਰਾ ਕਰਦੇ ਹਨ ਜੋ ਰਿਆਇਤ-ਧਾਰਕਾਂ ਦੇ ਨਾਲ ਮੌਜੂਦਾ ਸਮਝੌਤਿਆਂ ਦੇ ਸੰਦਰਭ ਵਿੱਚ ਲਾਗੂ ਕੀਤੇ ਜਾ ਸਕਦੇ ਹਨ ਅਤੇ ਸਰਕਾਰ ਦੇ ਬਜਟ ਦੇ ਦ੍ਰਿਸ਼ਟੀਕੋਣ ਤੋਂ ਚਿਰ-ਟਿਕਾਊ ਹਨ।

ਨੈੱਟਵਰਕ ਲਈ ਕੀਮਤ ਤੈਅ ਕਰਨ ਦੇ ਮਾਡਲ ਦੇ ਅੰਦਰ, ਜਾਂ ਇਸ ਤੋਂ ਵੱਖ, ਕਈ ਤਰ੍ਹਾਂ ਦੇ ਹੋਰ ਕੀਮਤ ਵਿਕਲਪਾਂ ਨੂੰ ਅਪਣਾਇਆ ਜਾ ਸਕਦਾ ਹੈ। ਇਨ੍ਹਾਂ ਬਾਰੇ ਅੱਗੇ ਚਰਚਾ ਕੀਤੀ ਗਈ ਹੈ।

## 4.4 ਦਿਨ ਦੇ ਸਮੇਂ ਮੁਤਾਬਕ ਕੀਮਤ

ਟ੍ਰੈਫਿਕ ਦੀ ਮਾਤਰਾ ਦੇ ਆਧਾਰ 'ਤੇ ਦਿਨ ਭਰ ਯਾਤਰਾ ਕਰਨ ਦੀ ਗਤੀ ਵੱਖ-ਵੱਖ ਹੋ ਸਕਦੀ ਹੈ। ਟੋਲ ਇਸ ਨੂੰ ਦਰਸਾ ਸਕਦੇ ਹਨ ਜਿਵੇਂ ਕਿ ਹੁਣ ਸਿਡਨੀ ਹਾਰਬਰ ਬ੍ਰਿਜ 'ਤੇ ਵੱਧ ਆਵਾਜਾਈ (ਪੀਕ) ਅਤੇ ਘੱਟ ਆਵਾਜਾਈ (ਆਫ਼-ਪੀਕ) ਸਮੇਂ ਅਨੁਸਾਰ ਕੀਮਤ ਲਏ ਜਾਣ ਦੇ ਮਾਮਲੇ ਵਿੱਚ ਹੈ। ਇਸਦਾ ਉਦੇਸ਼ ਟੋਲ ਘੱਟ ਹੋਣ ਸਮੇਂ ਉਪਭੋਗਤਾਵਾਂ ਨੂੰ ਯਾਤਰਾ ਕਰਨ ਲਈ ਉਤਸ਼ਾਹਿਤ ਕਰਨਾ ਹੋਵੇਗਾ ਜਿਸ ਨਾਲ ਵੱਧ ਟੋਲ ਦਾ ਭੁਗਤਾਨ ਕਰਨ ਵਾਲਿਆਂ ਲਈ ਯਾਤਰਾ ਦੀ ਗਤੀ ਵਧਾਉਣ ਵਿੱਚ ਮੱਦਦ ਮਿਲਦੀ ਹੈ।

ਇਸ ਦਿਨ ਦੇ ਸਮੇਂ ਮੁਤਾਬਕ ਕੀਮਤ ਰੱਖਣ ਨੂੰ ਪਿਛਲੇ ਕੰਮ ਦੇ ਹਿੱਸੇ ਵਜੋਂ ਮੰਨਿਆ ਗਿਆ ਸੀ ਅਤੇ ਇਸ ਸਮੀਖਿਆ ਦੁਆਰਾ ਅੱਗੇ ਦੀ ਜਾਂਚ ਕੀਤੀ ਜਾਵੇਗੀ। ਇਨ੍ਹਾਂ ਕੀਮਤ ਸਿਗਨਲਾਂ ਪ੍ਰਤੀ ਵਾਹਨ ਚਾਲਕਾਂ ਦੇ ਕਿੰਨੇ ਸਰਗਰਮ ਹੋਣ ਦੀ ਸੰਭਾਵਨਾ ਹੈ, ਇਸ ਬਾਰੇ ਹੋਰ ਵਿਚਾਰ ਕਰਨ ਦੀ ਲੋੜ ਹੈ। ਦਿਨ ਦੇ ਸਮੇਂ ਮੁਤਾਬਕ ਕੀਮਤ ਰੱਖਣ ਨਾਲ ਜੁੜੇ ਵੰਡ ਸੰਬੰਧੀ ਮੁੱਦੇ, ਯਾਨੀ ਕਿ ਅੰਤ ਵਿੱਚ ਕੌਣ ਵੱਧ ਟੋਲ ਅਦਾ ਕਰੇਗਾ ਅਤੇ ਕੌਣ ਘੱਟ ਟੋਲ ਅਦਾ ਕਰੇਗਾ, ਨੂੰ ਵੀ ਹੋਰ ਵਿਸ਼ਲੇਸ਼ਣ ਦੀ ਲੋੜ ਹੈ।

ਸਮੇਂ ਦੇ ਨਾਲ ਟੋਲ ਦੀ ਬਣਤਰ ਨੂੰ ਬਦਲਣਯੋਗ ਹੋਣ ਲਈ ਲਚਕਤਾ ਦਾ ਹੋਣਾ ਵੀ ਅਹਿਮ ਹੋਣ ਦੀ ਸੰਭਾਵਨਾ ਹੈ। ਦਿਨ ਦੇ ਸਮੇਂ ਮੁਤਾਬਕ ਕੀਮਤ ਰੱਖਣ ਦੀ ਸੰਜੀਦਗੀ ਅਤੇ ਕਿਸ ਹੱਦ ਤੱਕ ਕੀਮਤ ਲਈ ਇੱਕ ਨੈੱਟਵਰਕ ਪਹੁੰਚ ਨੈੱਟਵਰਕ ਦੇ ਖ਼ਾਸ ਹਿੱਸਿਆਂ ਵਿੱਚ ਦਿਨ ਦੇ ਸਮੇਂ ਮੁਤਾਬਕ ਕੀਮਤ ਰੱਖਣ ਨੂੰ ਲਾਗੂ ਕਰਨ ਲਈ ਲੋੜੀਂਦੀ ਲਚਕਤਾ ਦੀ ਆਗਿਆ ਦਿੰਦੀ ਹੈ, ਇਹ ਵੀ ਵਿਚਾਰਨ ਲਈ ਇੱਕ ਵਿਸ਼ਾ ਹੈ।

## 4.5 ਡਾਇਨਾਮਿਕ ਜਾਂ ਅਸਲ-ਸਮੇ ਮੁਤਾਬਿਕ ਕੀਮਤ ਰੱਖਣਾ

ਟ੍ਰਾਂਸਪੋਰਟ ਸਮੇਤ ਬਹੁਤ ਸਾਰੇ ਉਦਯੋਗਾਂ ਵਿੱਚ, ਮੰਗ ਅਤੇ ਸਪਲਾਈ ਕਾਰਕਾਂ ਦੇ ਜਵਾਬ ਵਿੱਚ ਕੀਮਤਾਂ ਵਿੱਚ ਦਿਨ ਭਰ ਦੌਰਾਨ ਫੇਰ-ਬਦਲ ਕੀਤਾ ਜਾਂਦਾ ਹੈ। ਇਸ ਕਿਸਮ ਦੀ ਕੀਮਤ ਲਚਕਤਾ, ਸਪਲਾਈ ਅਤੇ ਮੰਗ ਅਨੁਸਾਰ ਲਗਾਤਾਰ ਪ੍ਰਤੀਕਰਮ ਕਰਨ ਵਾਲੀ, ਨੂੰ ਡਾਇਨਾਮਿਕ ਜਾਂ ਅਸਲ-ਸਮੇ ਮੁਤਾਬਿਕ (ਗਤੀਸ਼ੀਲ ਜਾਂ ਅਸਲ ਸਮੇਂ ਦੀ ਸਥਿਤੀ ਮੁਤਾਬਿਕ) ਕੀਮਤ ਰੱਖਣਾ ਕਿਹਾ ਜਾਂਦਾ ਹੈ। ਉਦਾਹਰਨ ਲਈ, ਇਹ ਏਅਰਲਾਈਨਾਂ ਅਤੇ ਰਾਈਡ ਸ਼ੇਅਰਿੰਗ ਵਿੱਚ ਆਮ ਗੱਲ ਹੈ।

ਤਕਨਾਲੋਜੀ ਵਿੱਚ ਤੇਜ਼ੀ ਨਾਲ ਤਰੱਕੀ ਨੇ ਇਨ੍ਹਾਂ ਵਿਕਾਸਾਂ ਦੀ ਸਹੂਲਤ ਦਿੱਤੀ ਹੈ ਅਤੇ ਇਸ ਕਿਸਮ ਦੀ ਕੀਮਤ ਦੀ ਲਚਕਤਾ ਸੜਕ ਦੇ ਟੋਲ 'ਤੇ ਲਾਗੂ ਕੀਤੀ ਜਾ ਸਕਦੀ ਹੈ।

ਡਾਇਨਾਮਿਕ ਜਾਂ ਅਸਲ-ਸਮੇ ਮੁਤਾਬਿਕ (ਗਤੀਸ਼ੀਲ ਜਾਂ ਅਸਲ ਸਮੇਂ ਦੀ ਸਥਿਤੀ ਮੁਤਾਬਿਕ) ਕੀਮਤ ਰੱਖਣ ਦੀ ਸੰਭਾਵਨਾ ਨੂੰ ਧਿਆਨ ਵਿੱਚ ਰੱਖਦੇ ਹੋਏ, ਪੁਰਾਣੇ ਕੰਮ ਨੇ ਇਸਨੂੰ ਛੋਟੀ ਮਿਆਦ ਲਈ ਇੱਕ ਉੱਚ ਤਰਜੀਹ ਵਿਕਲਪ ਨਹੀਂ ਮੰਨਿਆ ਹੈ। ਇਹ ਸਮੀਖਿਆ ਸੜਕ ਟੋਲ ਲਗਾਉਣ ਵਿੱਚ ਡਾਇਨਾਮਿਕ ਕੀਮਤ ਦੇ ਵਿਦੇਸ਼ਾਂ ਵਿੱਚ ਹੋਏ ਅਨੁਭਵ ਦੀ ਜਾਂਚ ਕਰੇਗੀ ਅਤੇ ਇਸ ਗੱਲ 'ਤੇ ਵਿਚਾਰ ਕਰੇਗੀ ਕਿ ਕੀ ਇਹ ਸਿਡਨੀ ਵਿੱਚ ਟੋਲ ਲਗਾਉਣ ਲਈ ਲੰਬੇ ਸਮੇਂ ਦੀ ਪਹੁੰਚ ਦੇ ਰੂਪ ਵਿੱਚ ਢੁੱਕਵਾਂ ਹੈ ਜਾਂ ਨਹੀਂ।

## 4.6 ਵਿਸ਼ੇਸ਼ ਸੀਬੀਡੀ (CBD) ਜ਼ੋਨ ਅਤੇ ਕੋਰਡਨ (ਘੇਰਾਬੰਦੀ ਵਾਲੀ) ਕੀਮਤ

ਪੁਰਾਣੇ ਕੰਮ ਨੇ ਸੁਝਾਅ ਦਿੱਤਾ ਸੀ ਕਿ ਇੱਕ ਨੈੱਟਵਰਕ ਕੀਮਤ ਵਾਲੀ ਪਹੁੰਚ ਸੰਬੰਧਿਤ ਲਾਗਤ ਜਾਂ ਹੋਰ ਵਿਸ਼ੇਸ਼ਤਾਵਾਂ ਦੇ ਆਧਾਰ 'ਤੇ ਕਈ ਜ਼ੋਨਾਂ ਬਣਾਉਣ ਨਾਲ ਕੰਮ ਕਰ ਸਕਦੀ ਹੈ। ਇਸ ਨੇ ਨੋਟ ਕੀਤਾ ਗਿਆ ਹੈ ਕਿ ਇੱਕ ਵਿਸ਼ੇਸ਼ ਜ਼ੋਨ ਸਿਡਨੀ ਦਾ ਸੈਂਟਰਲ ਬਿਜ਼ਨਸ ਡਿਸਟ੍ਰਿਕਟ (CBD) ਹੋ ਸਕਦਾ ਹੈ।

ਲੰਡਨ, ਸਟਾਕਹੋਮ ਅਤੇ ਮਿਲਾਨ ਸ਼ਹਿਰ ਇਹ ਉਦਾਹਰਨ ਪ੍ਰਦਾਨ ਕਰਦੇ ਹਨ ਜਿੱਥੇ CBD ਜ਼ੋਨ ਕੰਮ ਕਰਦੇ ਹਨ। ਆਮ ਤੌਰ 'ਤੇ, ਖ਼ਾਸ ਕੀਮਤ ਰੱਖੇ ਜਾਣ ਵਾਲੇ ਖੇਤਰ ਜਿਨ੍ਹਾਂ ਨੂੰ ਕਈ ਵਾਰ ਕੋਰਡਨ (ਘੇਰਾਬੰਦੀ ਵਾਲੇ) ਖੇਤਰਾਂ ਵਜੋਂ ਜਾਣਿਆ ਜਾਂਦਾ ਹੈ, ਭੀੜ ਨੂੰ ਦੂਰ ਕਰਨ ਦੇ ਉਦੇਸ਼ ਨਾਲ ਮੰਗ ਪ੍ਰਬੰਧਨ ਯੋਜਨਾਵਾਂ ਦੇ ਹਿੱਸੇ ਵਜੋਂ ਸ਼ਹਿਰ ਵਿੱਚ ਕਿਤੇ ਲਾਗੂ ਕੀਤਾ ਜਾ ਸਕਦਾ ਹੈ। ਇਨ੍ਹਾਂ ਜ਼ੋਨਾਂ ਵਿੱਚ ਆਉਣ ਵਾਲੇ ਟ੍ਰੈਫਿਕ ਤੋਂ ਹੋਣ ਵਾਲੇ ਭੀੜ-ਭੜੱਕੇ ਨੂੰ ਘਟਾਉਣ, ਜਨਤਕ ਆਵਾਜਾਈ ਦੀ ਵਰਤੋਂ ਨੂੰ ਵਧਾਉਣ ਅਤੇ ਪੈਦਲ ਯਾਤਰੀਆਂ ਲਈ ਵਧੇਰੇ ਢੁੱਕਵਾਂ ਮਾਹੌਲ ਪ੍ਰਦਾਨ ਕਰਨ ਲਈ ਵਾਜਬ ਮਾਤਰਾ ਵਿੱਚ ਟੋਲ ਵਸੂਲਿਆ ਜਾਂਦਾ ਹੈ।

ਡਾਇਨਾਮਿਕ ਕੀਮਤ ਰੱਖਣ ਦੀ ਤਰ੍ਹਾਂ, ਇਸ ਪੁਰਾਣੇ ਕੰਮ ਨੇ ਥੋੜ੍ਹੇ ਸਮੇਂ ਲਈ ਇਸ ਸੀਬੀਡੀ ਜ਼ੋਨ ਵਿਕਲਪ ਨੂੰ ਤਰਜੀਹ ਨਹੀਂ ਦਿੱਤੀ ਹੈ ਪਰ ਸੁਝਾਅ ਦਿੱਤਾ ਕਿ ਇਸ ਨੂੰ ਲੰਬੇ ਸਮੇਂ ਵਿੱਚ ਵਿਚਾਰਿਆ ਜਾ ਸਕਦਾ ਹੈ।

## 4.7 ਭਾਰੀ ਵਾਹਨ

ਭਾਰੀ ਵਾਹਨ, ਮੁੱਖ ਤੌਰ 'ਤੇ ਟਰੱਕ, ਪਰ ਬੱਸਾਂ ਵੀ, ਮੋਟਰ ਰਸਤਿਆਂ ਦੇ ਨੈੱਟਵਰਕ ਦੇ ਮਹੱਤਵਪੂਰਨ ਉਪਭੋਗਤਾ ਹਨ ਅਤੇ ਟੋਲ ਦੇ ਉੱਚ ਪੱਧਰ ਦੇ ਕਾਰਨ, ਮੋਟਰ ਰਸਤਿਆਂ ਦੇ ਮਾਲੀਏ ਦਾ ਇੱਕ ਗ਼ੈਰ-ਅਨੁਪਾਤਕ ਹਿੱਸਾ ਪ੍ਰਦਾਨ ਕਰਦੇ ਹਨ। ਇਨ੍ਹਾਂ ਵਾਹਨਾਂ ਦੁਆਰਾ ਮੋਟਰ ਰਸਤਿਆਂ ਦੀ ਵਰਤੋਂ ਮਾਲ ਦੀ ਮੰਗ ਅਤੇ ਉਨ੍ਹਾਂ ਦੁਆਰਾ ਲਿਜਾਣ ਵਾਲੇ ਯਾਤਰੀਆਂ ਤੋਂ ਪ੍ਰਾਪਤ ਕੀਤੀ ਜਾਂਦੀ ਹੈ। ਇਨ੍ਹਾਂ ਦੇ ਸੰਚਾਲਕਾਂ ਦਾ ਉਦੇਸ਼ ਇਹ ਲਾਗਤਾਂ ਆਪਣੇ ਗਾਹਕਾਂ ਦੇ ਸਿਰ ਪਾਉਣੀਆ ਹੁੰਦਾ ਹੈ।

ਮੌਜੂਦਾ ਟਰੱਕ ਟੋਲ ਗੁਣਕਾਂ ਦੀ ਇਹ ਯਕੀਨੀ ਬਣਾਉਣ ਲਈ ਧਿਆਨ ਨਾਲ ਜਾਂਚ ਕੀਤੇ ਜਾਣ ਦੀ ਲੋੜ ਹੈ ਕਿ ਉਹ ਸੜਕ ਦੇ ਹੰਢਣ ਅਤੇ ਘੱਸਣ ਨਾਲ ਸੰਬੰਧਿਤ ਲਾਗਤਾਂ ਨੂੰ ਸਹੀ ਰੂਪ ਵਿੱਚ ਦਰਸਾਉਂਦੇ ਹਨ ਪਰ ਉੱਚ ਉਤਪਾਦਕਤਾ ਵਾਲੇ ਵਾਹਨਾਂ ਦੀ ਵਰਤੋਂ ਲਈ ਸਹੀ ਪ੍ਰੋਤਸਾਹਨ ਵੀ ਪ੍ਰਦਾਨ ਕਰਦੇ ਹਨ।

ਉੱਚ ਉਤਪਾਦਕਤਾ ਵਾਲੇ ਵਾਹਨਾਂ ਤੋਂ ਮਹੱਤਵਪੂਰਨ ਸੁਰੱਖਿਆ ਅਤੇ ਵਾਤਾਵਰਣਕ ਲਾਭ ਹੁੰਦੇ ਹਨ, ਜੋ ਕਿ ਹੋਰ ਸਾਰੀਆਂ ਚੀਜ਼ਾਂ ਬਰਾਬਰ ਹੋਣ 'ਤੇ, ਘੱਟ ਗੇੜਿਆਂ ਦੀ ਲੋੜ ਪੈਣ ਦੀ ਆਗਿਆ ਦਿੰਦੇ ਹਨ।

## 4.8 ਬਗ਼ੈਰ ਟੋਲ ਵਾਲੀ ਸੜਕ ਦੀ ਵਰਤੋਂ 'ਤੇ ਪਾਬੰਦੀਆਂ

ਮੋਟਰ ਰਸਤਿਆਂ 'ਤੇ ਟਰੱਕਾਂ ਅਤੇ ਬੱਸਾਂ ਦਾ ਸੰਚਾਲਨ ਬਗ਼ੈਰ ਟੋਲ ਸ਼ਰਤਾਂ ਦੁਆਰਾ ਵੀ ਪ੍ਰਭਾਵਿਤ ਹੋ ਸਕਦਾ ਹੈ। ਉਦਾਹਰਨ ਲਈ, M1 ਅਤੇ M2 ਵਿਚਕਾਰ ਸਫ਼ਰ ਕਰਨ ਵਾਲੇ 12.5 ਮੀਟਰ ਤੋਂ ਵੱਧ ਲੰਬੇ ਜਾਂ 2.8 ਮੀਟਰ ਤੋਂ ਵੱਧ ਦੀ ਕਲੀਅਰੈਂਸ ਉਚਾਈ ਵਾਲੇ ਟਰੱਕਾਂ ਅਤੇ ਬੱਸਾਂ ਨੂੰ NorthConnex ਸੁਰੰਗਾਂ ਦੀ ਵਰਤੋਂ ਕਰਨੀ ਲਾਜ਼ਮੀ ਹੈ ਜਦੋਂ ਤੱਕ ਕਿ ਉਹਨਾਂ ਕੋਲ ਅਜਿਹੀ ਅਸਲੀ ਡਿਲਿਵਰੀ ਜਾਂ ਪਿਕਅੱਪ ਟਿਕਾਣਾ ਨਾ ਹੋਵੇ ਜੋ ਸਿਰਫ਼ Pennant Hills Road ਦੁਆਰਾ ਹੀ ਪਹੁੰਚਯੋਗ ਹੋਵੇ। ਸਿਡਨੀ CBD ਦੇ ਆਲੇ-ਦੁਆਲੇ ਲੋਡਿੰਗ ਡੌਕਸ ਦੇ ਕੰਮਕਾਜੀ ਘੰਟਿਆਂ 'ਤੇ ਪਾਬੰਦੀਆਂ ਟਰੱਕਾਂ ਦੁਆਰਾ ਮਾਲ ਵੰਡਣ ਅਤੇ ਮੋਟਰ ਰਸਤਿਆਂ ਦੇ  ਨੈੱਟਵਰਕ ਦੀ ਵਰਤੋਂ ਕਰਨ ਦੇ ਘੰਟਿਆਂ 'ਤੇ ਸੀਮਾਵਾਂ ਲਾਗੂ ਹੋ ਸਕਦੀਆਂ ਹਨ।

## 4.9 ਕੀਮਤ ਤੈਅ ਕਰਨ ਦੇ ਸਿਧਾਂਤ

ਪਿਛਲੀ ਸਰਕਾਰ ਨੇ ਟੋਲ ਨਿਰਧਾਰਤ ਕਰਨ ਲਈ ਇੱਕ ਗਾਈਡ ਵਜੋਂ ਸਿਧਾਂਤਾਂ ਦੀ ਲੜੀ ਸਥਾਪਤ ਕੀਤੀ ਸੀ।[12] ਨਵੇਂ ਟੋਲ ਸਿਰਫ਼ ਉਦੋਂ ਹੀ ਉੱਥੇ ਲਾਗੂ ਕੀਤੇ ਜਾਣੇ ਸਨ ਜਿੱਥੇ ਉਪਭੋਗਤਾਵਾਂ ਨੂੰ ਸਿੱਧਾ ਲਾਭ ਮਿਲਦਾ ਹੈ। ਇਹ 10 ਖ਼ਾਸ ਸਿਧਾਂਤ ਹਨ:

1. ਨਵੇਂ ਟੋਲ ਸਿਰਫ਼ ਉਦੋਂ ਹੀ ਉੱਥੇ ਲਾਗੂ ਹੋ ਸਕਦੇ ਹਨ ਜਿੱਥੇ ਵਰਤੋਂ ਕਰਨ ਵਾਲਿਆਂ ਨੂੰ ਸਿੱਧਾ ਲਾਭ ਮਿਲਦਾ ਹੈ।

2. ਟੋਲ ਜਾਰੀ ਰਹਿ ਸਕਦੇ ਹਨ ਜਦੋਂ ਉਹ ਵਿਆਪਕ ਨੈੱਟਵਰਕ ਲਾਭ ਪ੍ਰਦਾਨ ਕਰਦੇ ਹਨ ਜਾਂ ਆ ਰਹੇ ਖ਼ਰਚਿਆਂ ਨੂੰ ਫੰਡ ਦਿੰਦੇ ਹਨ।

3. ਸਾਰੇ ਨਵੇਂ ਮੋਟਰ ਰਸਤਿਆਂ ਲਈ ਦੂਰੀ-ਅਧਾਰਿਤ ਟੋਲਿੰਗ।

4. ਸਾਰੇ ਮੋਟਰ ਰਸਤਿਆਂ 'ਤੇ ਯਾਤਰਾ ਦੀਆਂ ਦੋਵੇਂ ਦਿਸ਼ਾਵਾਂ ਲਈ ਟੋਲ ਵਸੂਲੇ ਜਾਂਦੇ ਹਨ।

5. ਚਾਰਜ ਕੀਤੇ ਗਏ ਟੋਲ ਮੋਟਰ ਰਸਤਿਆਂ ਦੇ ਨੈੱਟਵਰਕ ਦੀ ਡਿਲੀਵਰੀ ਦੀ ਲਾਗਤ ਨੂੰ ਦਰਸਾਉਂਦੇ ਹਨ।

6. ਟੋਲ ਖ਼ਰਚਿਆਂ, ਆਮਦਨੀ ਅਤੇ ਤੁਲਨਾਤਮਕ ਟੋਲ ਸੜਕਾਂ ਵਿੱਚ ਵਾਧੇ ਨੂੰ ਧਿਆਨ ਵਿੱਚ ਰੱਖਦੇ ਹਨ।

7. ਮੌਜੂਦਾ ਰਿਆਇਤਾਂ ਅਤੇ ਟੋਲ ਨੂੰ ਧਿਆਨ ਵਿੱਚ ਰੱਖਦੇ ਹੋਏ, ਵਿਹਾਰਕ ਹੱਦ ਤੱਕ, ਵੱਖ-ਵੱਖ ਮੋਟਰ ਰਸਤਿਆਂ 'ਤੇ ਟੋਲ ਵਿਵਸਥਤ ਢੰਗ ਨਾਲ ਲਾਗੂ ਕੀਤੇ ਜਾਣਗੇ।

8. ਟਰੱਕ ਟੋਲ ਕਾਰ ਦੇ ਟੋਲ ਨਾਲੋਂ ਘੱਟੋ-ਘੱਟ ਤਿੰਨ ਗੁਣਾ ਵੱਧ ਹੋਣਗੇ।

9. ਨਿਯਮਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ ਤਾਂ ਜੋ ਟਰੱਕ ਨਵੇਂ ਮੋਟਰ ਰਸਤਿਆਂ ਦੇ ਹਿੱਸਿਆਂ ਦੀ ਵਰਤੋਂ ਕਰਨ।

10. ਗਾਹਕਾਂ ਲਈ ਬਗ਼ੈਰ ਟੋਲ ਲੱਗੀਆਂ ਵਿਕਲਪਕ ਅੰਦਰੂਨੀ ਸੜਕਾਂ ਉਪਲਬਧ ਰਹਿਣਗੀਆਂ।

ਇਹ ਨੋਟ ਕੀਤਾ ਜਾਂਦਾ ਹੈ ਕਿ ਇਹ ਸਿਧਾਂਤ ਵਰਤਮਾਨ ਵਿੱਚ ਵਿਰਾਸਤੀ ਪ੍ਰਬੰਧਾਂ ਦੇ ਕਾਰਨ ਸਾਰੀਆਂ ਸਥਿਤੀਆਂ ਵਿੱਚ ਲਾਗੂ ਨਹੀਂ ਹੁੰਦੇ ਹਨ (ਜਿਵੇਂ ਕਿ ਸਿਡਨੀ ਹਾਰਬਰ ਕਰਾਸਿੰਗ ਇੱਕ ਤਰਫ਼ਾ ਟੋਲ ਹੈ)। ਇਹ ਸਮੀਖਿਆ ਇਸ ਗੱਲ 'ਤੇ ਵਿਚਾਰ ਕਰੇਗੀ ਕਿ ਕੀ ਇਹ ਸਿਧਾਂਤ ਭਵਿੱਖ ਲਈ ਉਚਿਤ ਹਨ ਜਾਂ ਨਹੀਂ।

[12] https://www.parliament.nsw.gov.au/lcdocs/submissions/57351/0109%20Transport%20for%20NSW.pdf

# 5 ਲਿਖਤੀ ਸੁਝਾਅ-ਰਾਏ ਬੇਨਤੀਆਂ ਪ੍ਰਦਾਨ ਕਰਨ ਲਈ ਸੱਦਾ

ਸੁਝਾਅ-ਰਾਏ ਪ੍ਰਦਾਨ ਕਰਨ ਦੇ ਚਾਹਵਾਨ ਲੋਕਾਂ ਅਤੇ ਸੰਸਥਾਵਾਂ ਨੂੰ ਲਿਖਤੀ ਰੂਪ ਵਿੱਚ ਅਜਿਹਾ ਕਰਨਾ ਚਾਹੀਦਾ ਹੈ ਅਤੇ ਆਪਣੀ ਬੇਨਤੀ 28 ਜੁਲਾਈ 2023 ਤੱਕ ਸੁਤੰਤਰ ਟੋਲ ਸਮੀਖਿਆ ਕੋਲ ਜਮ੍ਹਾਂ ਕਰਵਾਉਣੀ ਚਾਹੀਦੀ ਹੈ।

ਜੇਕਰ ਤੁਸੀਂ ਜਨਤਕ ਸੁਣਵਾਈਆਂ ਵਿੱਚ ਹਾਜ਼ਰ ਹੋਣਾ ਅਤੇ ਮੌਜੂਦ ਹੋਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸੁਣਵਾਈ ਤੋਂ ਇੱਕ ਹਫ਼ਤਾ ਪਹਿਲਾਂ ਆਪਣੀ ਸੁਝਾਅ-ਰਾਏ ਬੇਨਤੀ ਦੀ ਇੱਕ ਵਿਆਪਕ ਰੂਪਰੇਖਾ ਪ੍ਰਦਾਨ ਕਰੋ। ਇਸ ਤੋਂ ਬਾਅਦ 28 ਜੁਲਾਈ 2023 ਤੱਕ ਸੁਤੰਤਰ ਟੋਲ ਸਮੀਖਿਆ ਕੋਲ ਅੰਤਿਮ ਸੁਝਾਅ-ਰਾਏ ਸਪੁਰਦਗੀ ਕੀਤੀ ਜਾ ਸਕਦੀ ਹੈ।

ਇਹ ਸਮੀਖਿਆ ਇਹ ਯਕੀਨੀ ਬਣਾਉਣਾ ਚਾਹੁੰਦੀ ਹੈ ਕਿ ਪੇਸ਼ ਕੀਤੇ ਗਏ ਵਿਚਾਰਾਂ ਦਾ ਇੱਕ ਉਚਿਤ ਅੰਤਰ-ਭਾਗ ਹੈ ਅਤੇ ਉਪਲਬਧ ਸੀਮਤ ਸਮੇਂ ਦੇ ਨਾਲ ਸੁਣਵਾਈਆਂ ਦੌਰਾਨ ਸਥਾਨ ਨਿਰਧਾਰਤ ਕਰਨ ਦੀ ਲੋੜ ਹੋ ਸਕਦੀ ਹੈ। ਜੇਕਰ ਤੁਸੀਂ ਸਥਾਨ ਹਾਸਲ ਕਰਨ ਵਿੱਚ ਸਫ਼ਲ ਹੋ ਜਾਂਦਾ ਹੋ ਤਾਂ ਤੁਹਾਨੂੰ ਇੱਕ ਸੱਦਾ ਭੇਜਿਆ ਜਾਵੇਗਾ।

ਕਿਰਪਾ ਕਰਕੇ ਨੋਟ ਕਰੋ ਕਿ ਸੁਤੰਤਰ ਟੋਲ ਸਮੀਖਿਆ ਵਿੱਚ ਉਦਯੋਗ ਅਤੇ ਹੋਰ ਮੁੱਖ ਸਟੇਕਹੋਲਡਰ ਸਮੂਹਾਂ ਨਾਲ ਟੀਚਾਗਤ ਸਲਾਹ ਸ਼ਾਮਲ ਹੋਵੇਗੀ।

ਸੁਝਾਅ-ਰਾਏ ਬੇਨਤੀਆਂ NSW ਸਰਕਾਰ ਦੇ Have Your Say ਪਲੇਟਫਾਰਮ ਦੁਆਰਾ ਜਮ੍ਹਾਂ ਕਰਵਾਈਆਂ ਜਾ ਸਕਦੀਆਂ ਹਨ (https://www.nsw.gov.au/have-your-say/toll-review).

## 5.1 ਟੋਲ ਸਮੀਖਿਆ ਨਾਲ ਸੰਬੰਧਿਤ ਸਵਾਲ

ਹੇਠਾਂ, ਸਮੀਖਿਆ ਨੇ ਟੋਲ ਦੇ ਮੁਲਾਂਕਣ ਵਿੱਚ ਲਾਗੂ ਕਰਨ ਲਈ ਹਵਾਲੇ ਦੀਆਂ ਸ਼ਰਤਾਂ ਅਤੇ ਮਾਪਦੰਡਾਂ ਨਾਲ ਸੰਬੰਧਿਤ ਸਵਾਲਾਂ ਦੀ ਇੱਕ ਸੂਚੀ ਪ੍ਰਦਾਨ ਕੀਤੀ ਹੈ।

ਇਹਨਾਂ ਨੂੰ ਦਿਲਚਸਪੀ ਰੱਖਣ ਵਾਲੇ ਲੋਕਾਂ ਅਤੇ ਸੰਸਥਾਵਾਂ ਦੁਆਰਾ ਇੱਕ ਗਾਈਡ ਵਜੋਂ ਵਰਤਿਆ ਜਾ ਸਕਦਾ ਹੈ ਜਿਨ੍ਹਾਂ ਮਾਮਲਿਆਂ ਉੱਪਰ ਫੀਡਬੈਕ ਦਾ ਸਵਾਗਤ ਕੀਤਾ ਜਾਵੇਗਾ। ਬੇਨਤੀ ਜਮ੍ਹਾਂ ਕਰਵਾਉਣ ਵਾਲਿਆਂ ਨੂੰ ਸਾਰੇ ਸਵਾਲਾਂ ਪ੍ਰਤੀ ਕੁੱਝ ਕਹਿਣ ਦੀ ਲੋੜ ਨਹੀਂ ਹੈ ਕਿਉਂਕਿ ਇੱਥੇ ਹੋਰ ਮਾਮਲੇ ਵੀ ਹੋ ਸਕਦੇ ਹਨ ਜਿਨ੍ਹਾਂ 'ਤੇ ਬੇਨਤੀ ਜਮ੍ਹਾਂ ਕਰਵਾਉਣ ਵਾਲੇ ਟਿੱਪਣੀ ਕਰਨਾ ਚਾਹੁੰਦੇ ਹਨ। ਜੇਕਰ ਬੇਨਤੀ ਜਮ੍ਹਾਂ ਕਰਵਾਉਣ ਵਾਲੇ ਇਨ੍ਹਾਂ ਵਿੱਚੋਂ ਕਿਸੇ ਸਵਾਲ ਨੂੰ ਸੰਬੋਧਿਤ ਕਰਦੇ ਹਨ, ਤਾਂ ਸਵਾਲਾਂ ਨਾਲ ਮੇਲ ਕਰਨ ਲਈ ਜਵਾਬਾਂ ਨੂੰ ਨੰਬਰ ਦੇਣਾ ਮਦਦਗਾਰ ਹੋਵੇਗਾ।

### 5.1.1 ਟੋਲ ਸਮੀਖਿਆ ਨਾਲ ਸੰਬੰਧਿਤ ਆਮ ਸਵਾਲ

| A | ਸਵਾਲ |
|---|---|
| 1 | ਤੁਸੀਂ ਪੂਰੇ ਸਿਡਨੀ ਵਿੱਚ ਮੌਜੂਦਾ ਟੋਲਿੰਗ ਪ੍ਰਣਾਲੀਆਂ ਵਿੱਚ ਕਿਹੜੀਆਂ ਸਮੱਸਿਆਵਾਂ ਦੇਖਦੇ ਹੋ? |
| 2 | ਇਹ ਮੁੱਦੇ ਤੁਹਾਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ? |
| 3 | ਤੁਹਾਡੇ ਖ਼ਿਆਲ ਵਿਚ ਉਨ੍ਹਾਂ ਬਾਰੇ ਕੀ ਕੀਤਾ ਜਾ ਸਕਦਾ ਹੈ? |
| 4 | ਨਿਊ ਸਾਊਥ ਵੇਲਜ਼ ਵਿੱਚ ਟੋਲ ਸੁਧਾਰ ਬਾਰੇ, ਤੁਹਾਡੇ ਮੁਤਾਬਿਕ ਸਫ਼ਲਤਾ ਕਿਹੋ ਜਿਹੀ ਲੱਗੇਗੀ? |

## 5.1.2 ਟੋਲ ਸਮੀਖਿਆ ਬਾਰੇ ਹਵਾਲੇ ਦੀਆਂ ਸ਼ਰਤਾਂ ਨਾਲ ਸੰਬੰਧਿਤ ਖ਼ਾਸ ਸਵਾਲ

| B | **ਟੋਲ ਤੈਅ ਕਰਨਾ** |
|---|---|
| 1 | ਟੋਲ ਦੇ ਪੱਧਰ ਨੂੰ ਨਿਰਧਾਰਤ ਕਰਨ ਵਿੱਚ ਕਿਹੜੇ ਕਾਰਕ ਮਹੱਤਵਪੂਰਨ ਹਨ? |
| 2 | ਸਰਕਾਰ ਨੂੰ ਟੋਲ ਤੈਅ ਕਰਨ ਨੂੰ ਕਿਵੇਂ ਪ੍ਰਭਾਵਿਤ ਕਰਨਾ ਚਾਹੀਦਾ ਹੈ? |
| 3 | ਸੜਕ ਦੇ ਟੋਲ ਤੈਅ ਕੀਤੇ ਜਾਣ ਦੇ ਤਰੀਕੇ ਵਿੱਚ ਤੁਸੀਂ ਕਿਹੜੇ ਸੁਧਾਰ ਦੇਖਣਾ ਚਾਹੋਗੇ? |
| 4 | ਕੀ ਤੁਸੀਂ ਮੰਨਦੇ ਹੋ ਕਿ ਮੋਟਰ ਰਸਤਿਆਂ ਦੇ ਨੈੱਟਵਰਕ ਵਿੱਚ ਲੱਗੇ ਟੋਲਾਂ ਨੂੰ ਨੈੱਟਵਰਕ ਦੇ ਅੱਪਗਰੇਡ ਲਈ ਭੁਗਤਾਨ ਕਰਨਾ ਚਾਹੀਦਾ ਹੈ (ਜਿਵੇਂ ਕਿ M2 ਨੂੰ ਚੌੜਾ ਕਰਨ ਲਈ 5c/km ਦੂਰੀ ਚਾਰਜ ਦਾ ਵਾਧਾ)? |

| C | **ਮੁਕਾਬਲੇਬਾਜ਼ੀ ਅਤੇ ਨਿਯਮ** |
|---|---|
| 1 | ਤੁਸੀਂ ਕਿਵੇਂ ਸੋਚਦੇ ਹੋ ਕਿ ਮੁਕਾਬਲਾ ਸੜਕ ਟੋਲ ਅਤੇ ਪ੍ਰਦਾਤਾਵਾਂ ਦੁਆਰਾ ਸੇਵਾ ਪ੍ਰਦਰਸ਼ਨ ਦੀ ਕੁਸ਼ਲਤਾ ਨੂੰ ਕਿਵੇਂ ਪ੍ਰਭਾਵਿਤ ਕਰ ਸਕਦਾ ਹੈ? |
| 2 | ਟੋਲਿੰਗ ਉਦਯੋਗ ਵਿੱਚ ਮੁਕਾਬਲੇਬਾਜ਼ੀ ਦੇ ਪ੍ਰਭਾਵ ਨੂੰ ਵਧਾਉਣ ਲਈ ਕੀ ਗੁੰਜਾਇਸ਼ ਹੈ? |
| 3 | ਕੀ ਮੌਜੂਦਾ ਮੋਟਰ ਰਸਤਿਆਂ 'ਤੇ ਜਾਂ ਭਵਿੱਖ ਦੇ ਮੋਟਰ ਰਸਤਿਆਂ 'ਤੇ ਟੋਲ ਨੂੰ ਨਿਰੰਤਰ ਪੱਧਰ 'ਤੇ ਸੁਤੰਤਰ ਰੂਪ ਵਿੱਚ ਕੀਮਤਾਂ ਬਾਰੇ ਵਿਚਾਰ ਕੀਤੇ ਜਾਣ ਦੇ ਅਧੀਨ ਹੋਣਾ ਚਾਹੀਦਾ ਹੈ, ਜਿਵੇਂ ਕਿ IPART (ਖ਼ੁਦਮੁਖਤਿਆਰ ਕੀਮਤ ਨਿਰਧਾਰਨ ਅਤੇ ਰੈਗੂਲੇਟਰੀ ਟ੍ਰਿਬਿਊਨਲ) ਦੁਆਰਾ? ਜੇ ਹਾਂ, ਤਾਂ ਕਿਵੇਂ? |

| C | **ਟੋਲ ਮੁਲਾਂਕਣ ਕਰਨ ਲਈ ਮਾਪਦੰਡ - ਕੁਸ਼ਲਤਾ** |
|---|---|
| ਕੀਮਤ ਤੈਅ ਕਰਨ ਦੇ ਵਿਕਲਪ | |
| 1 | ਕੀ ਟੋਲ ਇੱਕ ਨੈੱਟਵਰਕ ਦੇ ਆਧਾਰ 'ਤੇ ਤੈਅ ਕੀਤੇ ਜਾਣੇ ਚਾਹੀਦੇ ਹਨ? ਜਿਵੇਂ ਕਿ ਹੁਣ ਮੋਟਰ ਰਸਤਿਆਂ ਦੇ ਨੈੱਟਵਰਕ ਦੇ ਅਲੱਗ-ਅਲੱਗ ਹਿੱਸਿਆਂ ਲਈ ਅਲੱਗ ਟੋਲ ਨਿਰਧਾਰਤ ਹੁੰਦੇ ਹਨ ਇਸਦੀ ਬਜਾਏ ਇੱਕ ਨੈੱਟਵਰਕ ਦੇ ਆਧਾਰ 'ਤੇ ਅਜਿਹਾ ਕਰਨ ਦੇ ਕੀ ਫਾਇਦੇ ਅਤੇ ਨੁਕਸਾਨ ਹਨ? |
| 2 | ਕੀ ਟੋਲ ਟਰੈਫਿਕ ਵਹਾਅ ਦੇ ਅਨੁਸਾਰ ਵੱਖ-ਵੱਖ ਹੋਣੇ ਚਾਹੀਦੇ ਹਨ ਜਿਵੇਂ ਕਿ ਪੀਕ ਪੀਰੀਅਡ ਵਿੱਚ ਵੱਧ ਅਤੇ ਆਫ ਪੀਕ ਪੀਰੀਅਡ ਵਿੱਚ ਘੱਟ? |
| 3 | ਕੀ ਟੋਲ ਪ੍ਰਤੀ ਕਿਲੋਮੀਟਰ ਦੇ ਆਧਾਰ 'ਤੇ ਨਿਰਧਾਰਤ ਕੀਤੇ ਜਾਣੇ ਚਾਹੀਦੇ ਹਨ, ਇੱਕ ਨਿਸ਼ਚਿਤ ਐਕਸੈਸ ਚਾਰਜ ਦੇ ਨਾਲ ਜਾਂ ਬਗ਼ੈਰ? |
| 4 | ਕੀ ਚੌੜੇ ਸੜਕੀ ਨੈੱਟਵਰਕ (ਜਿਵੇਂ ਕਿ ਗ਼ੈਰ-ਮੋਟਰ ਰਸਤਿਆਂ ਸਮੇਤ) ਸੜਕਾਂ 'ਤੇ ਟੋਲ ਭੀੜ-ਭੜੱਕੇ ਦੇ ਪੱਧਰ ਨੂੰ ਧਿਆਨ ਵਿੱਚ ਰੱਖਦੇ ਹੋਏ ਨਿਰਧਾਰਤ ਕੀਤੇ ਜਾਣੇ ਚਾਹੀਦੇ ਹਨ? |
| 5 | **ਕੋਰਡਨ (ਘੇਰਾਬੰਦੀ)** |

| C | **ਟੋਲ ਮੁਲਾਂਕਣ ਕਰਨ ਲਈ ਮਾਪਦੰਡ - ਕੁਸ਼ਲਤਾ** |
|---|---|
| | CBD ਜ਼ੋਨ ਸੰਭਾਵੀ ਤੌਰ 'ਤੇ CBD ਵਿੱਚ ਘੱਟ ਕਾਰਾਂ, ਤੇਜ਼ ਯਾਤਰਾ ਸਮੇਂ, ਜਨਤਕ ਆਵਾਜਾਈ ਦੀ ਵੱਧ ਵਰਤੋਂ, ਅਤੇ ਪੈਦਲ ਯਾਤਰੀਆਂ ਲਈ ਵਧੇਰੇ ਅਨੁਕੂਲ ਮਾਹੌਲ ਨਾਲ ਸਥਾਨਕ ਸੜਕ ਨੈੱਟਵਰਕ ਵਿੱਚ ਸੁਧਾਰ ਕਰ ਸਕਦਾ ਹੈ।<br>ਕੀ ਤੁਸੀਂ ਸੋਚਦੇ ਹੋ ਕਿ ਸਿਡਨੀ ਵਿੱਚ CBD ਜ਼ੋਨ ਜਾਂ ਹੋਰ ਕੋਰਡਨ ਜ਼ੋਨ ਕੀਮਤ ਖੇਤਰ ਫਾਇਦੇਮੰਦ ਅਤੇ/ਜਾਂ ਸੰਭਵ ਹੋਵੇਗਾ?<br>ਕੀ ਕੁੱਝ ਹੋਰ ਚੀਜ਼ਾਂ ਹਨ ਜੋ ਸਰਕਾਰ ਖ਼ਾਸ ਖੇਤਰਾਂ ਵਿੱਚ ਭੀੜ-ਭੜੱਕੇ ਨੂੰ ਘਟਾਉਣ ਦੇ ਲੋੜੀਂਦੇ ਨਤੀਜੇ ਪ੍ਰਾਪਤ ਕਰਨ ਲਈ ਬਿਹਤਰ ਢੰਗ ਨਾਲ ਕਰ ਸਕਦੀ ਹੈ? |
| 6 | ਮੋਟਰ ਰਸਤਿਆਂ 'ਤੇ ਟਰੱਕਾਂ 'ਤੇ ਕਿਹੜੇ ਟੋਲਿੰਗ ਪ੍ਰਬੰਧ ਲਾਗੂ ਹੋਣੇ ਚਾਹੀਦੇ ਹਨ? |

| C | **ਟੋਲ ਮੁਲਾਂਕਣ ਕਰਨ ਲਈ ਮਾਪਦੰਡ - ਕੁਸ਼ਲਤਾ** |
|---|---|
| ਕੀਮਤ ਤੈਅ ਕਰਨ ਵਿੱਚ ਹੋਰ ਵਿਚਾਰ | |
| 7 | ਕੀ ਸੜਕੀ ਟੋਲ ਨਿਰਧਾਰਤ ਕਰਨ ਵਿੱਚ ਵਾਹਨਾਂ ਦੇ ਨਿਕਾਸ ਨੂੰ ਵਿਚਾਰਿਆ ਜਾਣਾ ਚਾਹੀਦਾ ਹੈ? |
| 8 | **ਸੜਕ ਉਪਭੋਗਤਾ ਕੀਮਤ**<br>ਇਹ ਇੱਕ ਉਭਰਦਾ ਨਜ਼ਰੀਆ ਹੈ ਕਿ ਹਾਈਬ੍ਰਿਡ ਅਤੇ ਪੂਰੀ ਤਰ੍ਹਾਂ ਇਲੈਕਟ੍ਰਿਕ ਵਾਹਨਾਂ ਦੇ ਵਧ ਰਹੇ ਰੁਝਾਨ ਦੇ ਕਾਰਨ, ਘੱਟ ਰਹੇ ਈਂਧਨ ਆਬਕਾਰੀ ਟੈਕਸ ਤੋਂ ਆ ਰਹੇ ਘੱਟ ਮਾਲੀਏ ਨੂੰ ਬਦਲਣ ਲਈ, ਸੜਕ ਉਪਭੋਗਤਾ ਕੀਮਤਾਂ ਨੂੰ ਪੂਰੇ ਆਸਟਰੇਲੀਆ ਵਿੱਚ ਸ਼ੁਰੂ ਕਰਨ ਦੀ ਜ਼ਰੂਰਤ ਹੋਵੇਗੀ।<br>ਤੁਸੀਂ  ਮੋਟਰ ਰਸਤਿਆਂ 'ਤੇ ਟੋਲ ਲਈ ਇਸਦੇ ਕੀ ਪ੍ਰਭਾਵ ਦੇਖਦੇ ਹੋ, ਜੇ ਕੋਈ ਹਨ ਤਾਂ, ਅਤੇ ਇਸ ਸਮੀਖਿਆ ਨੂੰ ਇਸ ਮੁੱਦੇ 'ਤੇ ਕਿਵੇਂ ਪ੍ਰਤੀਕਿਰਿਆ ਕਰਨੀ ਚਾਹੀਦੀ ਹੈ? |

| D | **ਭਾਰੀ ਵਾਹਨ** |
|---|---|
| 1 | ਭਾਰੀ ਵਾਹਨ ਸੜਕਾਂ ਨੂੰ ਜ਼ਿਆਦਾ ਘਸਾਉਂਦੇ ਹਨ ਅਤੇ ਹਲਕੇ ਵਾਹਨਾਂ ਨਾਲ ਭੀੜ-ਭੜੱਕੇ ਵਿਚ ਯੋਗਦਾਨ ਪਾਉਂਦੇ ਹਨ।<br>ਕੀ ਟਰੱਕਾਂ ਲਈ ਮੌਜੂਦਾ ਟੋਲ ਗੁਣਕ ਪ੍ਰਤੀ ਟਨ ਮਾਲ ਢੋਣ ਦੇ ਸੰਬੰਧ ਵਿੱਚ ਵਾਹਨ ਦੀ ਸਮਰੱਥਾ ਨੂੰ ਸਹੀ ਰੂਪ ਵਿੱਚ ਦਰਸਾਉਂਦੇ ਹਨ? |
| 2 | ਕੀ ਮੌਜੂਦਾ ਟੋਲ ਗੁਣਕ ਵਧੇਰੇ ਉਤਪਾਦਕ ਵਾਹਨਾਂ ਦੀ ਵਰਤੋਂ ਲਈ ਲੋੜੀਂਦਾ ਪ੍ਰੋਤਸਾਹਨ ਪ੍ਰਦਾਨ ਕਰਦੇ ਹਨ? |
| 3 | ਕੀ ਭਾਰੀ ਵਾਹਨਾਂ ਲਈ ਗ਼ੈਰ-ਟੋਲ  ਮੋਟਰ ਰਸਤਿਆਂ ਦੇ ਨੈੱਟਵਰਕ ਦੀ ਬਜਾਏ ਇਨ੍ਹਾਂ ਮੋਟਰ ਰਸਤਿਆਂ ਦੀ ਵਰਤੋਂ ਕਰਨ ਲਈ ਲੋੜੀਂਦੇ ਪ੍ਰੋਤਸਾਹਨ/ਲੋੜਾਂ ਹਨ, ਜਿਵੇਂ ਕਿ ਸੁਰੱਖਿਅਤ, ਵਧੇਰੇ ਟਿਕਾਊ ਅਤੇ ਲਾਭਕਾਰੀ ਨਤੀਜਿਆਂ ਲਈ? |
| 4 | ਕੀ ਟਰੱਕਾਂ ਦੀ ਵਰਤੋਂ 'ਤੇ ਗ਼ੈਰ-ਟੋਲ ਪਾਬੰਦੀਆਂ ਨੂੰ ਸੋਧ ਕੇ ਸੜਕ ਦੀ ਵਰਤੋਂ ਦੀ ਕੁਸ਼ਲਤਾ ਨੂੰ ਸੁਧਾਰਨ ਦੀ ਗੁੰਜਾਇਸ਼ ਹੈ? |

| E | **ਜਨਤਕ ਆਵਾਜਾਈ** |
|---|---|
| 1 | ਟੋਲ ਅਤੇ ਪਬਲਿਕ ਟ੍ਰਾਂਸਪੋਰਟ ਵਿਚਕਾਰ ਕਿਹੜੇ ਆਪਸੀ ਸੰਬੰਧਾਂ ਦੀ ਪਛਾਣ ਕੀਤੀ ਜਾ ਸਕਦੀ ਹੈ? |

| E | ਜਨਤਕ ਆਵਾਜਾਈ |
|---|---|
| 2 | ਕੀ ਇਹ ਨਿਰਧਾਰਤ ਕਰਦੇ ਹੋਏ ਬੱਸਾਂ ਨੂੰ ਟਰੱਕਾਂ ਵਾਂਗ ਹੀ ਸਮਝਿਆ ਜਾਣਾ ਚਾਹੀਦਾ ਹੈ ਕਿ ਉਹਨਾਂ ਤੋਂ ਕੀ ਟੋਲ ਲਿਆ ਜਾਂਦਾ ਹੈ? |

| F | ਟੋਲ ਮੁਲਾਂਕਣ ਕਰਨ ਲਈ ਮਾਪਦੰਡ - ਸਰਲਤਾ |
|---|---|
| 1 | ਵਰਤਮਾਨ ਵਿੱਚ ਟੋਲ ਨੂੰ ਕਈ ਵੱਖ-ਵੱਖ ਤਰੀਕਿਆਂ ਨਾਲ ਦਰਸਾਇਆ ਜਾਂਦਾ ਹੈ ਜਿਵੇਂ ਕਿ ਮੁਕੱਰਰ ਰਕਮ, ਦੂਰੀ (ਪ੍ਰਤੀ ਕਿਲੋਮੀਟਰ) ਅਧਾਰਿਤ, ਇੱਕ ਨਿਸ਼ਚਿਤ (ਪਹੁੰਚ) ਹਿੱਸੇ ਦੇ ਨਾਲ ਦੂਰੀ ਅਧਾਰਿਤ। ਕੀ ਇਸ ਪਰਿਵਰਤਨ ਦੇ ਮੌਜੂਦ ਹੋਣ ਦੇ ਕੋਈ ਮਾਇਨੇ ਹਨ? |

| G | ਟੋਲ ਮੁਲਾਂਕਣ ਕਰਨ ਲਈ ਮਾਪਦੰਡ - ਨਿਰਪੱਖਤਾ |
|---|---|
| 1 | ਕੀ ਇਹ ਉਚਿਤ ਹੈ ਕਿ ਵਰਤੋਂ ਕਰਨ ਵਾਲੇ ਸੜਕ ਟੋਲ ਦਾ ਭੁਗਤਾਨ ਕਰਦੇ ਹਨ? |
| 2 | ਕੀ ਸੜਕੀ ਟੋਲ ਵਸੂਲੀ ਕੀਮਤ ਜਿਨ੍ਹਾਂ ਮੁੱਲ ਮੋੜਦੇ ਹਨ? ਕਿਉਂ, ਜਾਂ ਕਿਉਂ ਨਹੀਂ? |
| 3 | ਕੀ ਸੜਕੀ ਟੋਲ ਸਾਰੇ ਵਾਹਨ ਚਾਲਕਾਂ ਲਈ ਨਿਰਪੱਖ ਹਨ? ਕੀ ਉਹਨਾਂ ਨੂੰ ਵਧੇਰੇ ਨਿਰਪੱਖ ਬਣਾਇਆ ਜਾ ਸਕਦਾ ਹੈ? ਜੇ ਹਾਂ, ਤਾਂ ਕਿਵੇਂ? |
| 4 | ਕੀ ਸਰਕਾਰ ਨੂੰ ਸਸਤੇ ਟੋਲ ਨੂੰ ਸਮਰੱਥ ਬਣਾਉਣ ਲਈ ਸਬਸਿਡੀ ਪ੍ਰਦਾਨ ਕਰਨੀ ਚਾਹੀਦੀ ਹੈ? |
| 5 | **ਟੋਲ ਰਾਹਤ**<br><br>ਅਗਲੇ ਦੋ ਸਾਲਾਂ ਲਈ ਅਸਥਾਈ ਟੋਲ ਰਾਹਤ ਉਪਾਅ ਲਾਗੂ ਕੀਤੇ ਜਾਣ ਦੀ ਉਮੀਦ ਹੈ। ਜੇਕਰ ਟੋਲ ਰਾਹਤ ਸਿੱਧੇ ਵਾਹਨ ਚਾਲਕਾਂ ਨੂੰ ਉਪਲਬਧ ਕਰਵਾਉਣਾ ਜਾਰੀ ਰੱਖਣਾ ਹੈ, ਤਾਂ ਕੀ ਇਹ ਆਮਦਨੀ ਜਾਂਚ 'ਤੇ ਅਧਾਰਿਤ ਹੋਣਾ ਚਾਹੀਦਾ ਹੈ? |
| 6 | ਜੇਕਰ ਟੋਲ ਹੁਣ ਤੋਂ ਵੱਖਰੇ ਤੌਰ 'ਤੇ ਨਿਰਧਾਰਤ ਕੀਤੇ ਜਾਂਦੇ ਹਨ ਤਾਂ ਕੀ ਟੋਲ ਰਾਹਤ ਉਪਾਅ ਹਟਾਏ ਜਾ ਸਕਦੇ ਹਨ? |
| 7 | ਇਹ ਕਿਵੇਂ ਯਕੀਨੀ ਬਣਾਇਆ ਜਾ ਸਕਦਾ ਹੈ ਕਿ ਸਰਕਾਰ ਦੁਆਰਾ ਅਦਾ ਕੀਤੀ ਟੋਲ ਰਾਹਤ ਦੇ ਨਤੀਜੇ ਵਜੋਂ ਵਧੇ ਹੋਏ ਟ੍ਰੈਫਿਕ ਤੋਂ ਟੋਲ ਓਪਰੇਟਰਾਂ ਨੂੰ ਪ੍ਰਾਪਤ ਹੋਣ ਵਾਲਾ ਲਾਭ ਕਮਿਊਨਿਟੀ ਨੂੰ ਵਾਪਸ ਦਿੱਤਾ ਜਾਵੇ? |
| 8 | ਕੀ ਇਕੱਠੇ ਨੋਟਿਸਾਂ ਅਤੇ ਹੋਰ ਉਪਾਵਾਂ ਨੂੰ ਮਜ਼ਬੂਤ ਕਰਕੇ ਟੋਲ ਦੀ ਵਸੂਲੀ ਵਿੱਚ ਸੁਧਾਰ ਕੀਤਾ ਜਾ ਸਕਦਾ ਹੈ? |

| H | ਟੋਲ ਮੁਲਾਂਕਣ ਕਰਨ ਲਈ ਮਾਪਦੰਡ – ਪਾਰਦਰਸ਼ਤਾ |
|---|---|
| 1 | ਟੋਲ ਦਾ ਪੱਧਰ ਮੋਟਰ ਰਸਤਿਆਂ ਦੀ ਵਰਤੋਂ ਨੂੰ ਕਿਸ ਹੱਦ ਤੱਕ ਪ੍ਰਭਾਵਿਤ ਕਰਦਾ ਹੈ? |
| 2 | ਟੋਲ ਰੋਡ ਦੀ ਵਰਤੋਂ ਕਰਨ ਬਾਰੇ ਬਿਹਤਰ ਫ਼ੈਸਲੇ ਲੈਣ ਵਿੱਚ ਕਿਹੜੀ ਜਾਣਕਾਰੀ ਤੁਹਾਡੀ ਮੱਦਦ ਕਰੇਗੀ? |

# 6 ਜਨਤਕ ਸੁਣਵਾਈਆਂ

ਇਸ ਸਮੀਖਿਆ ਦੇ ਦੌਰਾਨ ਦਿਲਚਸਪੀ ਰੱਖਣ ਵਾਲੀਆਂ ਧਿਰਾਂ ਨਾਲ ਆਹਮੋ-ਸਾਹਮਣੇ ਸਲਾਹ ਮਸ਼ਵਰੇ ਕੀਤੇ ਜਾਣਗੇ।

ਹਾਲਾਂਕਿ, ਇਸ ਸਮੀਖਿਆ ਨੇ ਜਨਤਕ ਸੁਣਵਾਈਆਂ ਲਈ ਤਿੰਨ ਦਿਨ ਵੀ ਨਿਰਧਾਰਤ ਕੀਤੇ ਹਨ ਜਿੱਥੇ ਵਧੇਰੇ ਲੋਕਾਂ ਅਤੇ ਸੰਸਥਾਵਾਂ ਨੂੰ ਸਿੱਧੇ ਤੌਰ 'ਤੇ ਪ੍ਰੋਫ਼ੈਸਰ ਫੇਲਜ਼ ਅਤੇ ਡਾ. ਕਜ਼ਨਸ ਨੂੰ ਆਪਣੇ ਵਿਚਾਰ ਰੱਖਣ ਦਾ ਮੌਕਾ ਮਿਲੇਗਾ।

ਇਹ ਸੁਣਵਾਈ ਗ਼ੈਰ ਰਸਮੀ ਹੋਵੇਗੀ। ਇਸ ਪੜਾਅ 'ਤੇ, ਪ੍ਰੋ. ਫੇਲਜ਼ ਅਤੇ ਡਾ. ਕਜ਼ਨਸ ਪ੍ਰਸਤਾਵਿਤ ਉਪਾਵਾਂ ਬਾਰੇ ਵਿਸਤ੍ਰਿਤ ਚਰਚਾ ਕਰਨ ਦੀ ਬਜਾਏ ਮੁੱਦਿਆਂ ਨੂੰ ਪਛਾਣਨ ਅਤੇ ਸਮਝਣ ਲਈ ਹੋਰ ਜਾਣਕਾਰੀ ਚਾਹੁੰਦੇ ਹਨ।

ਇਹ ਸੁਣਵਾਈਆਂ ਸਰਕਾਰੀ ਏਜੰਸੀਆਂ ਅਤੇ ਉਦਯੋਗ ਪ੍ਰਦਾਤਾਵਾਂ ਦੇ ਨਾਲ-ਨਾਲ ਵਰਤੋਂ ਕਰਨ ਵਾਲਿਆਂ ਨੂੰ ਸਮੀਖਿਆ ਦੀਆਂ ਸ਼ਰਤਾਂ ਨਾਲ ਸੰਬੰਧਿਤ ਜਾਣਕਾਰੀ/ਵਿਚਾਰ ਪ੍ਰਦਾਨ ਕਰਨ ਦਾ ਮੌਕਾ ਪ੍ਰਦਾਨ ਕਰਨਗੀਆਂ।

ਮੁੱਖ ਹਿੱਤਧਾਰਕਾਂ ਨੂੰ ਹਾਜ਼ਰ ਹੋਣ ਅਤੇ ਮੌਜੂਦ ਹੋਣ ਲਈ ਸੱਦੇ ਜਾਰੀ ਕੀਤੇ ਜਾਣਗੇ।

ਗੁਪਤ ਸੈਸ਼ਨਾਂ ਲਈ ਪ੍ਰਬੰਧ ਕੀਤਾ ਜਾਵੇਗਾ ਜਿੱਥੇ ਧਿਰਾਂ ਇਸ ਲਈ ਬੇਨਤੀ ਕਰਦੀਆਂ ਹਨ। ਹਾਲਾਂਕਿ, ਇਹ ਸਮੀਖਿਆ ਖੁੱਲੇਪਨ ਦੀ ਇੱਛਾ ਅਤੇ ਜਨਤਕ ਪ੍ਰਕਿਰਿਆ ਨੂੰ ਧਿਆਨ ਵਿੱਚ ਰੱਖਦੇ ਹੋਏ, ਵੱਧ ਤੋਂ ਵੱਧ ਜਾਣਕਾਰੀ ਨੂੰ ਜਨਤਕ ਕਰਨਾ ਚਾਹੇਗੀ।

ਇਨ੍ਹਾਂ ਸੁਣਵਾਈਆਂ ਦੀ ਪ੍ਰਤੀਲਿਪੀ ਇਸ ਸਮੀਖਿਆ ਦੌਰਾਨ ਲਈ ਸਹਾਇਤਾ ਲਈ ਜਾਵੇਗੀ ਅਤੇ ਸੁਣਵਾਈਆਂ ਤੋਂ ਬਾਅਦ ਉਪਲਬਧ ਕਰਵਾਈ ਜਾਵੇਗੀ।

## 6.1 ਸੁਣਵਾਈ ਦੇ ਸਮੇਂ ਅਤੇ ਸਥਾਨ

ਜਨਤਕ ਸੁਣਵਾਈ 11-13 ਜੁਲਾਈ 2023 ਤੱਕ ਸਿਡਨੀ ਸੀਬੀਡੀ, ਪੈਰਾਮਾਟਾ ਅਤੇ ਪੇਨਰਿਥ ਵਿੱਚ ਹੋਵੇਗੀ। ਜਨਤਕ ਸੁਣਵਾਈਆਂ ਬਾਰੇ ਹੋਰ ਵੇਰਵਿਆਂ ਲਈ, NSW Toll Review ਵੈੱਬਸਾਈਟ (https://www.treasury.nsw.gov.au/toll-review) ਦੇਖੋ।

ਜਨਤਕ ਸਲਾਹ-ਮਸ਼ਵਰੇ 'ਤੇ ਜਾਣਕਾਰੀ ਅਤੇ ਵਿਚਾਰ ਪ੍ਰਦਾਨ ਕਰਨ ਦੇ ਚਾਹਵਾਨ ਵਿਅਕਤੀਆਂ ਅਤੇ ਸੰਸਥਾਵਾਂ ਨੂੰ ਟੋਲ ਸਮੀਖਿਆ ਦੇ Have Your Say (ਹੈਵ ਯੂਅਰ ਸੇ) ਪੋਰਟਲ (https://www.nsw.gov.au/have-your-say/toll-review) ਰਾਹੀਂ ਸਮੀਖਿਆ ਟੀਮ ਨਾਲ ਸੰਪਰਕ ਕਰਨਾ ਚਾਹੀਦਾ ਹੈ। ਇਹ ਯਕੀਨੀ ਬਣਾਉਣ ਲਈ ਕਿ ਉਹਨਾਂ ਨੂੰ ਸੁਣਿਆ ਜਾ ਸਕੇ। ਇਸ ਸਮੀਖਿਆ ਲਈ ਇਹ ਜ਼ਰੂਰੀ ਹੋ ਸਕਦਾ ਹੈ ਕਿ ਲੋਕਾਂ ਨੂੰ ਸੀਮਤ ਗਿਣਤੀ ਵਿੱਚ ਨੰਬਰ ਅਲਾਟ ਕੀਤਾ ਜਾਣ ਦੁਆਰਾ ਸੁਣਿਆ ਜਾ ਸਕੇ।

ਦਰਸ਼ਕਾਂ ਵਜੋਂ ਸਲਾਹ-ਮਸ਼ਵਰੇ ਵਿਚ ਸ਼ਾਮਲ ਹੋਣ ਦੇ ਚਾਹਵਾਨ ਵਿਅਕਤੀਆਂ ਨੂੰ ਸਲਾਹ-ਮਸ਼ਵਰੇ ਤੋਂ ਪਹਿਲਾਂ ਹੀ ਟੋਲ ਰਿਵਿਊ ਦੇ Have Your Say (ਹੈਵ ਯੂਅਰ ਸੇ) ਪੋਰਟਲ (https://www.nsw.gov.au/have-your-say/toll-review) ਰਾਹੀਂ ਸਟਾਫ਼ ਨਾਲ ਰਜਿਸਟਰ ਕਰਨਾ ਚਾਹੀਦਾ ਹੈ।

# 7 ਅੰਤਿਕਾ A: ਹਵਾਲਾ ਸ਼ਰਤਾਂ

8 ਮਈ 2023 ਨੂੰ, NSW ਸਰਕਾਰ ਨੇ ਟੋਲ ਸਮੀਖਿਆ ਬਾਰੇ ਹਵਾਲਾ ਸ਼ਰਤਾਂ ਜਾਰੀ ਕੀਤੀਆਂ ਹਨ। ਉਹ ਹੇਠਾਂ ਸੰਪੂਰਨ ਰੂਪ ਵਿਚ ਤਰ੍ਹਾਂ ਸ਼ਾਮਲ ਕੀਤੀਆਂ ਗਈਆਂ ਹਨ।

## 7.1 ਟੋਲ ਪਿਛੋਕੜ

ਨਿਊ ਸਾਊਥ ਵੇਲਜ਼ ਵਿੱਚ ਟੋਲ ਮੋਟਰ ਰਸਤਿਆਂ ਦੀ ਕੀਮਤ ਦਾ ਇੱਕ ਰੂਪ ਹੈ ਜੋ ਇੱਕ 'ਉਪਭੋਗਤਾ-ਭੁਗਤਾਨ' ਮਾਡਲ ਵਿੱਚ ਲਾਗੂ ਹੁੰਦੇ ਹਨ, ਜਿਸ ਨਾਲ ਮੋਟਰ ਰਸਤਿਆਂ ਦੀ ਸਮਰੱਥਾ ਅਤੇ ਸੰਪਰਕ (ਕਨੈਕਟੀਵਿਟੀ) ਪ੍ਰਦਾਨ ਕਰਨ ਦੀ ਲਾਗਤ ਸੜਕ ਦੀ ਵਰਤੋਂਕਾਰਾਂ ਤੋਂ ਵਸੂਲੀ ਜਾ ਸਕਦੀ ਹੈ ਜੋ ਇਸਦੀ ਵਰਤੋਂ ਤੋਂ ਲਾਭ ਪ੍ਰਾਪਤ ਕਰਦੇ ਹਨ।

ਬੁਨਿਆਦੀ ਢਾਂਚਾ ਬਣਾਉਣ ਦੇ ਨਾਲ-ਨਾਲ, ਮੋਟਰ ਰਸਤਿਆਂ ਦੀ ਕੀਮਤ ਦੇ ਇਸ ਰੂਪ ਦੀ ਆਵਾਜਾਈ ਦੇ ਪ੍ਰਵਾਹ ਦੇ ਪ੍ਰਬੰਧਨ ਅਤੇ ਮੋਟਰ ਰਸਤਿਆਂ ਦੀ ਵਰਤੋਂ ਅਤੇ ਦੇਰੀ, ਭੀੜ-ਭੜੱਕੇ ਅਤੇ ਦੁਰਘਟਨਾਵਾਂ ਨੂੰ ਘੱਟ ਕਰਨ ਲਈ ਵਿਸ਼ਾਲ ਸੜਕੀ ਨੈੱਟਵਰਕ ਦੀ ਵਰਤੋਂ ਵਿੱਚ ਇੱਕ ਭੂਮਿਕਾ ਹੈ।

ਨਿਊ ਸਾਊਥ ਵੇਲਜ਼ ਵਿੱਚ ਟੋਲਿੰਗ ਪ੍ਰਬੰਧਾਂ ਦਾ ਵਿਕਾਸ ਵੱਡੇ ਪੱਧਰ 'ਤੇ ਕੇਸ-ਦਰ-ਕੇਸ ਆਧਾਰ 'ਤੇ ਹੋਇਆ ਹੈ ਜਿਵੇਂ-ਜਿਵੇਂ ਨਵੀਆਂ ਟੋਲ ਸੜਕਾਂ ਚਾਲੂ ਕੀਤੀਆਂ ਗਈਆਂ ਹਨ। ਜਦੋਂ ਕਿ 'NSW ਟੋਲਿੰਗ ਸਿਧਾਂਤਾਂ' ਦਾ ਇੱਕ ਸਮੂਹ ਹੈ ਜੋ ਟੋਲ ਤੈਅ ਕਰਨ ਦੀ ਪ੍ਰਕਿਰਿਆ ਦਾ ਮਾਰਗਦਰਸ਼ਨ ਕਰਦਾ ਹੈ, ਮੌਜੂਦਾ ਪ੍ਰਬੰਧ  ਸਿਸਟਮ-ਵਿਆਪਕ ਪਹੁੰਚ ਨੂੰ ਨਹੀਂ ਦਰਸਾਉਂਦੇ ਹਨ ਅਤੇ ਕਈ ਵੱਖ-ਵੱਖ ਕੀਮਤ ਵਸੂਲੀ ਵਿਧੀਆਂ ਨੂੰ ਸ਼ਾਮਲ ਕਰਦੇ ਹਨ (ਜਿਵੇਂ ਕਿ ਵੱਖ-ਵੱਖ ਵਾਧਾ ਦਰਾਂ, ਸਥਾਨ ਬਨਾਮ ਦੂਰੀ, ਦਿਨ ਦਾ ਸਮਾਂ ਬਨਾਮ ਮੁੱਕਰਰ ਰਕਮ, ਦੂਰੀ ਜਾਂ ਬਚੇ ਹੋਏ ਸਮੇਂ ਦੀ ਪ੍ਰਤੀ ਯੂਨਿਟ ਕੀਮਤ ਵਿੱਚ ਭਿੰਨਤਾਵਾਂ, ਅਤੇ ਵੱਖ-ਵੱਖ ਵਾਹਨ ਵਰਗੀਕਰਣ ਪਰਿਭਾਸ਼ਾਵਾਂ)।

ਰਾਜ ਭਰ ਵਿੱਚ ਟੋਲਿੰਗ ਪ੍ਰਬੰਧਾਂ ਲਈ ਇਸ ਇਤਿਹਾਸਕ ਪਹੁੰਚ ਦੇ ਨਤੀਜੇ ਵਜੋਂ, ਇਸ ਸਮੀਖਿਆ ਦੇ ਹਿੱਸੇ ਵਜੋਂ ਵਿਚਾਰ ਕਰਨ ਲਈ ਹੇਠਾਂ ਦਿੱਤੇ ਕਾਰਕਾਂ ਦੀ ਪਛਾਣ ਕੀਤੀ ਗਈ ਹੈ:

1. ਭੀੜ-ਭੜੱਕੇ ਦੇ ਪ੍ਰਭਾਵਾਂ ਨੂੰ ਘੱਟ ਤੋਂ ਘੱਟ ਕਰਨ, ਯਾਤਰਾ ਸਮੇਂ ਦੀ ਬੱਚਤ ਦੇ ਲਾਭਾਂ ਨੂੰ ਵੱਧ ਤੋਂ ਵੱਧ ਕਰਨ ਅਤੇ ਸਮੁੱਚੇ ਸੰਚਾਲਨ ਖ਼ਰਚਿਆਂ ਨੂੰ ਘਟਾਉਣ ਲਈ ਮੌਕਿਆਂ ਦੀ ਪਛਾਣ ਕਰਨ ਲਈ ਸੜਕ ਨੈੱਟਵਰਕ ਨੂੰ ਅਨੁਕੂਲ ਬਣਾਉਣਾ।

2. NSW ਟੋਲ ਸੜਕਾਂ ਦੇ ਵਰਤੋਂਕਾਰਾਂ ਲਈ ਰਹਿਣ-ਸਹਿਣ ਦੀ ਕੀਮਤ ਦੇ ਪ੍ਰਭਾਵਾਂ, ਨਿਰਪੱਖਤਾ ਅਤੇ ਬਰਾਬਰੀ ਦੀ ਲਾਗਤ, ਖ਼ਾਸ ਤੌਰ 'ਤੇ ਵਿਵਹਾਰਕ ਜਨਤਕ ਆਵਾਜਾਈ ਦੇ ਵਿਕਲਪਾਂ ਤੋਂ ਬਗ਼ੈਰ ਵਾਲੇ ਨਿਯਮਤ ਯਾਤਰੀਆਂ ਲਈ।

3. ਵੱਖ-ਵੱਖ ਪ੍ਰਬੰਧਾਂ ਵਿੱਚ ਸ਼ਾਮਲ ਅਸੰਗਤਤਾਵਾਂ ਜਿਸ ਨਾਲ ਗਾਹਕ ਉਲਝਣ ਪੈਦਾ ਹੁੰਦੀ ਹੈ।

## 7.2 ਟੋਲ ਸਮੀਖਿਆ

### 7.2.1 ਇਸ ਟੂਲ ਸਮੀਖਿਆ ਦੀ ਅਗਵਾਈ

12 ਫਰਵਰੀ 2023 ਨੂੰ ਲੇਬਰ ਪਾਰਟੀ ਨੇ ਜੇਕਰ ਇਹ NSW ਚੋਣਾਂ ਵਿੱਚ ਸਫ਼ਲ ਰਹੀ ਤਾਂ ਸੜਕ ਟੋਲ ਅਤੇ ਟੋਲ ਰਾਹਤ ਦੀ ਸਮੀਖਿਆ ਦੀ ਸੁਤੰਤਰ ਨਿਗਰਾਨੀ ਕਰਨ ਲਈ ਵਚਨਬੱਧਤਾ ਕੀਤੀ ਸੀ।

'ਮਿਨਸ ਲੇਬਰ ਸਰਕਾਰ ਟੋਲ ਨੈੱਟਵਰਕ ਦੇ ਸੁਧਾਰ ਦੀ ਅਗਵਾਈ ਕਰਨ ਲਈ, ਆਸਟ੍ਰੇਲੀਅਨ ਕੰਪੀਟੀਸ਼ਨ ਐਂਡ ਕੰਜ਼ਿਊਮਰ ਕਮਿਸ਼ਨ (ACCC) ਦੇ ਸਾਬਕਾ ਚੇਅਰਮੈਨ, ਪ੍ਰੋਫ਼ੈਸਰ ਐਲਨ ਫੇਲਜ਼ ਏ.ਓ. ਨੂੰ ਵੀ ਨਿਯੁਕਤ ਕਰੇਗੀ।

ਪ੍ਰੋਫ਼ੈਸਰ ਫੇਲਜ਼ ਦਾ ਸੁਧਾਰ:

- ਟੋਲ ਦੀ ਮੌਜੂਦਾ ਖਜ਼ਾਨਾ ਅਤੇ ਟ੍ਰਾਂਸਪੋਰਟ ਵਿਭਾਗ ਦੀ ਸਮੀਖਿਆ ਦਾ ਤੁਰੰਤ ਚਾਰਜ ਲਵੇਗਾ

- ਵਾਹਨ ਚਾਲਕਾਂ ਲਈ ਵਧੀਆ ਸੌਦਾ ਲਿਆਉਣ ਲਈ ਟੋਲਿੰਗ ਓਪਰੇਟਰਾਂ ਨਾਲ ਗੱਲਬਾਤ ਕਰਨ ਲਈ ਜ਼ਿੰਮੇਵਾਰ ਹੋਵੇਗਾ; ਅਤੇ
- NSW ਵਿੱਚ ਟੋਲਿੰਗ ਪ੍ਰਣਾਲੀ ਨੂੰ ਸੁਧਾਰਨ ਲਈ ਲੰਬੇ ਸਮੇਂ ਦੇ ਸੁਧਾਰ ਵਿਕਲਪਾਂ ਨੂੰ ਦੇਖਣ ਦਾ ਕੰਮ ਸੌਂਪਿਆ ਗਿਆ ਹੈ ਜਿਸ ਵਿੱਚ ਟੋਲ ਇਕਰਾਰਨਾਮਿਆਂ ਵਿੱਚ ਸੰਭਾਵੀ ਮੁਕਾਬਲੇਬਾਜ਼ੀ, ਰਾਤ ਨੂੰ ਟੋਲ ਸੜਕਾਂ 'ਤੇ ਮਾਲ ਦੀ ਆਵਾਜਾਈ, ਜਨਤਕ ਆਵਾਜਾਈ ਅਤੇ ਟੋਲ ਸੜਕਾਂ ਦੇ ਇੰਟਰਸੈਕਸ਼ਨ, ਲੰਬੀ ਮਿਆਦ ਦੀਆਂ ਰਿਆਇਤਾਂ, ਹੋਰ ਅਧਿਕਾਰ ਖੇਤਰ ਕੀ ਕਰ ਰਹੇ ਹਨ ਅਤੇ ਟੋਲ ਇਕਰਾਰਨਾਮਿਆਂ ਦੀ ਨਿਯਮ-ਕਾਨੂੰਨ ਪਾਲਣਾ ਦੇਖਣਾ ਵੀ ਹੋਵੇਗਾ।

ਲੇਬਰ ਪਾਰਟੀ ਦੇ ਤਹਿਤ ਇਸ ਸਮੀਖਿਆ ਅਤੇ ਸਿਫ਼ਾਰਸ਼ਾਂ ਨੂੰ ਜਨਤਕ ਕੀਤਾ ਜਾਵੇਗਾ, ਇਹ ਸੁਝਾਅ-ਰਾਏ ਦੀਆਂ ਬੇਨਤੀਆਂ ਲਈ ਖੁੱਲ੍ਹਾ ਹੋਵੇਗਾ ਅਤੇ ਟ੍ਰਾਂਸਪੋਰਟ ਸੈਕਟਰ ਅਤੇ ਟੋਲ ਅਦਾ ਕਰਨ ਵਾਲੇ ਲੋਕਾਂ ਨਾਲ ਸਲਾਹ-ਮਸ਼ਵਰਾ ਕਰੇਗਾ।'

ਆਸਟ੍ਰੇਲੀਅਨ ਕੰਪੀਟੀਸ਼ਨ ਐਂਡ ਕੰਜ਼ਿਊਮਰ ਕਮਿਸ਼ਨ (ACCC) ਦੇ ਸਾਬਕਾ ਚੇਅਰਮੈਨ ਪ੍ਰੋਫ਼ੈਸਰ ਐਲਨ ਫੇਲਜ਼ ਏ.ਓ., ਅਤੇ ਡਾ. ਡੇਵਿਡ ਕਜ਼ਨਸ ਏ.ਐਮ., ਕੀਮਤਾਂ ਦੀ ਨਿਗਰਾਨੀ ਅਥਾਰਟੀ ਦੇ ਸਾਬਕਾ ਮੁਖੀ ਅਤੇ ਕੰਜ਼ਿਊਮਰ ਅਫੇਅਰਜ਼ ਵਿਕਟੋਰੀਆ ਦੇ ਡਾਇਰੈਕਟਰ, ਨੂੰ NSW ਸਰਕਾਰ ਦੁਆਰਾ 'ਟੋਲ ਨੈੱਟਵਰਕ ਦੇ ਸੁਧਾਰ' ਦੀ ਅਗਵਾਈ ਕਰਨ ਲਈ ਨਿਯੁਕਤ ਕੀਤਾ ਗਿਆ ਹੈ - ਜੋ ਕਿ ਪੂਰੇ ਨਿਊ ਸਾਊਥ ਵੇਲਜ਼ ਭਰ ਵਿੱਚ ਮੋਟਰ ਰਸਤਿਆਂ ਦੀ ਕੀਮਤ ਵਿੱਚ ਸੁਧਾਰ ਲਈ ਇੱਕ ਮਹੱਤਵਪੂਰਨ ਨੀਤੀ ਸਮੀਖਿਆ ਹੈ।

NSW ਦੇ ਖਜ਼ਾਨਾ, NSW ਦੇ ਟ੍ਰਾਂਸਪੋਰਟ ਵਿਭਾਗ ਅਤੇ ਕੈਬਨਿਟ ਦਫ਼ਤਰ ਤੋਂ ਨੁਮਾਇੰਦਿਆਂ ਦੇ ਨਾਲ, ਪ੍ਰੋਫ਼ੈਸਰ ਫੇਲਜ਼ ਇੱਕ ਕਰਾਸ-ਏਜੰਸੀ ਪ੍ਰੋਜੈਕਟ ਸਟੀਅਰਿੰਗ ਕਮੇਟੀ ਦੇ ਸੁਤੰਤਰ ਮੁਖੀ ਹੋਣਗੇ ਅਤੇ ਡਾ. ਕਜ਼ਨਸ ਡਿਪਟੀ ਮੁਖੀ ਹੋਣਗੇ।

ਇਹ ਸਮੀਖਿਆ ਟ੍ਰਾਂਸਪੋਰਟ ਸੈਕਟਰ ਅਤੇ ਟੋਲ ਅਦਾ ਕਰਨ ਵਾਲੇ ਲੋਕਾਂ ਤੋਂ ਸੁਝਾਅ-ਰਾਏ ਦੀਆਂ ਬੇਨਤੀਆਂ ਲੈਣ ਲਈ ਖੁੱਲੀ ਹੋਵੇਗੀ, ਜਿਸਦੀ ਅੰਤਿਮ ਰਿਪੋਰਟ ਜਨਤਾ ਨੂੰ ਜਾਰੀ ਜਾਵੇਗੀ।

ਪ੍ਰੋਫ਼ੈਸਰ ਫੇਲਜ਼ ਅਤੇ ਡਾਕਟਰ ਕਜ਼ਨਸ ਦੁਆਰਾ ਅੰਤਿਮ ਰਿਪੋਰਟ ਜਾਰੀ ਕਰਨ ਤੋਂ ਬਾਅਦ, ਕੈਬਨਿਟ ਇਸ ਦੀਆਂ ਸਿਫ਼ਾਰਸ਼ਾਂ 'ਤੇ ਵਿਚਾਰ ਕਰੇਗੀ।

### 7.2.2 ਇਸ ਟੋਲ ਸਮੀਖਿਆ ਦੀਆਂ ਹਵਾਲਾ ਸ਼ਰਤਾਂ

ਇਹ ਸਮੀਖਿਆ ਸਿਡਨੀ ਵਿੱਚ ਮੋਟਰ ਰਸਤਿਆਂ ਉਪਰ ਟੋਲ ਤੈਅ ਕਰਨ ਦੇ ਆਧਾਰ ਅਤੇ ਟੋਲ ਰਾਹਤ ਉਪਾਵਾਂ ਦੇ ਪ੍ਰਭਾਵ ਦੀ ਜਾਂਚ ਕਰੇਗੀ।

ਖ਼ਾਸ ਤੌਰ 'ਤੇ, ਇਹ ਸਮੀਖਿਆ ਉਨ੍ਹਾਂ ਦੀ ਕੁਸ਼ਲਤਾ, ਨਿਰਪੱਖਤਾ, ਸਰਲਤਾ ਅਤੇ ਪਾਰਦਰਸ਼ਤਾ, ਪ੍ਰਦਾਤਾਵਾਂ ਨਾਲ ਇਤਿਹਾਸਕ ਰਿਆਇਤ ਸਮਝੌਤੇ, ਅਤੇ ਆਵਾਜਾਈ ਦੇ ਸਾਰੇ ਢੰਗਾਂ ਨਾਲ ਇੰਟਰਫੇਸ ਦੇ ਮੱਦੇਨਜ਼ਰ ਭਵਿੱਖ ਲਈ ਢੁੱਕਵੇਂ ਢਾਂਚੇ ਅਤੇ ਟੋਲ ਦੇ ਪੱਧਰ 'ਤੇ ਵਿਚਾਰ ਕਰੇਗੀ।

ਇਹ ਇਸ ਗੱਲ ਨੂੰ ਧਿਆਨ ਵਿੱਚ ਰੱਖੇਗੀ ਕਿ ਟੋਲ ਕਿਸ ਹੱਦ ਤੱਕ ਸੜਕ ਪ੍ਰਬੰਧ ਦੀ ਪੂੰਜੀ ਅਤੇ ਸੰਚਾਲਨ ਲਾਗਤਾਂ ਨੂੰ ਦਰਸਾਉਂਦੇ ਹਨ, ਸੜਕ ਦੀ ਸਥਿਰਤਾ 'ਤੇ ਵੱਖ-ਵੱਖ ਉਪਭੋਗਤਾਵਾਂ ਦੇ ਪ੍ਰਭਾਵ, ਅਤੇ ਦਿਨ ਭਰ ਸੜਕਾਂ ਦੀ ਵਰਤੋਂ ਨੂੰ ਦਰਸਾਉਂਦੇ ਹਨ।

ਟੋਲ ਰਾਹਤ ਉਪਾਅ ਵਾਹਨ ਚਾਲਕਾਂ ਲਈ ਟੋਲ ਭਰਨ ਦੀ ਸਮਰੱਥਾ ਨੂੰ ਯਕੀਨੀ ਬਣਾਉਣ ਵਿੱਚ ਮੱਦਦ ਕਰਦੇ ਹਨ। ਇਹ ਸਮੀਖਿਆ ਰਾਹਤ ਦੇ ਉਚਿਤ ਨਿਸ਼ਾਨੇ 'ਤੇ ਵਿਚਾਰ ਕਰੇਗੀ, ਫੰਡਿੰਗ ਰਾਹਤ ਵਿੱਚ ਪੂਰੇ ਭਾਈਚਾਰੇ ਲਈ ਨਿਰਪੱਖਤਾ, ਅਤੇ ਟੋਲ ਰੋਡ ਮਾਲਕਾਂ ਨੂੰ ਟੋਲ ਰਾਹਤ ਉਪਾਵਾਂ ਤੋਂ ਲਾਭ ਲੈਣ ਦੀ ਬਜਾਏ ਭਾਈਚਾਰੇ ਵੱਲੋਂ ਲਾਭ ਲੈਣ ਨੂੰ ਕਿਵੇਂ ਯਕੀਨੀ ਬਣਾਇਆ ਜਾਵੇ।

ਟੋਲ ਨੂੰ ਆਸਾਨੀ ਨਾਲ ਸਮਝਣ ਯੋਗ, ਵਾਹਨ ਚਾਲਕਾਂ ਦੁਆਰਾ ਭੁਗਤਾਨ ਕਰਨ ਲਈ ਸਰਲ ਅਤੇ ਇਕੱਠਾ ਕਰਨ ਲਈ ਪ੍ਰਸ਼ਾਸਨਿਕ ਤੌਰ 'ਤੇ ਕੁਸ਼ਲ ਹੋਣ ਦੀ ਲੋੜ ਹੁੰਦੀ ਹੈ।

ਇਹ ਸਮੀਖਿਆ ਸੜਕ ਟੋਲ ਅਤੇ ਪ੍ਰਦਾਤਾਵਾਂ ਦੁਆਰਾ ਸੇਵਾ ਪ੍ਰਦਰਸ਼ਨ ਦੀ ਕੁਸ਼ਲਤਾ ਨੂੰ ਪ੍ਰਭਾਵਿਤ ਕਰਨ ਲਈ ਮੁਕਾਬਲੇਬਾਜ਼ੀ ਅਤੇ ਨਿਯਮ ਬਣਾਉਣ ਦੀ ਗੁੰਜਾਇਸ਼ 'ਤੇ ਵਿਚਾਰ ਕਰੇਗੀ।

### 7.2.3 ਵਿਸ਼ੇਸ਼ ਗਤੀਵਿਧੀਆਂ

ਵਿਸ਼ੇਸ਼ ਗਤੀਵਿਧੀਆਂ ਵਿੱਚ ਇਹ ਸ਼ਾਮਲ ਹੋਣਗੀਆਂ ਪਰ ਇਹ ਇਨ੍ਹਾਂ ਤੱਕ ਸੀਮਿਤ ਨਹੀਂ ਹੋਣਗੀਆਂ:

1. ਪੂਰੇ ਨਿਊ ਸਾਊਥ ਵੇਲਜ਼ ਭਰ ਵਿੱਚ ਟੋਲਿੰਗ ਪ੍ਰਬੰਧਾਂ ਦੀ ਸਮੀਖਿਆ ਕਰਨ ਲਈ NSW ਖਜ਼ਾਨਾ ਅਤੇ ਟ੍ਰਾਂਸਪੋਰਟ ਵਿਭਾਗ ਦੁਆਰਾ ਅੱਜ ਤੱਕ ਪੂਰੇ ਕੀਤੇ ਗਏ ਕੰਮ ਨੂੰ ਧਿਆਨ ਵਿੱਚ ਰੱਖਣ ਤੱਕ, ਇਹ ਨਿਰਧਾਰਤ ਕਰਨ ਲਈ ਕਿ ਕੀ ਇਹ ਸਰਕਾਰ ਦੀਆਂ ਟੋਲ ਸਮੀਖਿਆ ਤਰਜੀਹਾਂ ਨਾਲ ਮੇਲ ਖਾਂਦਾ ਹੈ।
2. ਟ੍ਰਾਂਸਪੋਰਟ ਸੈਕਟਰ ਅਤੇ ਟੋਲ ਅਦਾ ਕਰਨ ਵਾਲੇ ਲੋਕਾਂ ਨਾਲ ਸਲਾਹ-ਮਸ਼ਵਰਾ ਕਰਨਾ ਤੱਕ। ਇਸ ਗੱਲ ਨੂੰ ਤੈਅ ਕਰਨ ਵਾਲੇ ਮੁੱਖ ਮੀਲਪੱਥਰਾਂ ਵਿੱਚ ਸ਼ਾਮਲ ਹਨ:
    - Q2 2023 ਵਿੱਚ ਇੱਕ ਜਨਤਕ ਚਰਚਾ ਪੇਪਰ ਜਾਰੀ ਕਰਨਾ
    - ਸ਼ੁਰੂਆਤੀ Q3 2023 ਵਿੱਚ ਜਨਤਕ ਸੁਣਵਾਈਆਂ ਦਾ ਆਯੋਜਨ ਕਰਨਾ
    - ਕਮਿਊਨਿਟੀ ਅਤੇ ਉਦਯੋਗ ਦੇ ਹਿੱਸੇਦਾਰਾਂ ਤੋਂ ਸੁਝਾਅ-ਰਾਏ ਬੇਨਤੀਆਂ ਦੀ ਮੰਗ ਕਰਨਾ
3. ਜਨਤਕ ਪੇਪਰਾਂ ਜਾਂ ਰਿਪੋਰਟਾਂ ਨੂੰ ਜਾਰੀ ਕਰਨ ਤੱਕ ਜੋ ਜਨਤਾ ਨੂੰ ਟੋਲ ਸੁਧਾਰ ਲਈ ਸੰਭਾਵੀ ਵਿਕਲਪਾਂ ਅਤੇ ਮਾਰਗਾਂ ਬਾਰੇ ਸੂਚਿਤ ਕਰਨਗੇ।
4. ਟੋਲ ਰੋਡ ਨੈੱਟਵਰਕ ਵਿੱਚ ਕਿਸੇ ਵੀ ਪ੍ਰਸਤਾਵਿਤ ਤਬਦੀਲੀਆਂ ਲਈ ਇੱਕ ਲਾਗੂਕਰਨ ਮਾਰਗ ਵਿਕਸਿਤ ਕਰਨ ਲਈ ਟੋਲ ਰੋਡ ਮਾਲਕਾਂ ਨਾਲ ਸਹਿਯੋਗੀ ਤੌਰ 'ਤੇ ਕੰਮ ਕਰਨ ਤੱਕ।

# 8 ਅੰਤਿਕਾ B: ਸ਼ਬਦਾਵਲੀ

| ਸ਼ਬਦ | ਵਰਣਨ |
|---|---|
| **ਪ੍ਰਸ਼ਾਸਨਿਕ ਫ਼ੀਸ ਅਤੇ ਖ਼ਰਚੇ** | ਟੋਲ ਦੇ ਸੰਚਾਲਨ ਅਤੇ ਲਾਗੂ ਕਰਨ ਨਾਲ ਸੰਬੰਧਿਤ ਵੱਖ-ਵੱਖ ਕਾਰਨਾਂ ਕਰਕੇ, ਮੁੱਖ ਟੋਲ ਕੀਮਤ ਲਏ ਜਾਣ ਤੋਂ ਇਲਾਵਾ, ਟੋਲ ਓਪਰੇਟਰਾਂ ਦੁਆਰਾ ਦਫ਼ਤਰੀ ਕਾਰਵਾਈ ਸੰਬੰਧੀ (ਪ੍ਰਸ਼ਾਸਨਿਕ) ਫ਼ੀਸਾਂ ਅਤੇ ਖ਼ਰਚੇ ਲਏ ਜਾਂਦੇ ਹਨ।<br>ਪ੍ਰਸ਼ਾਸਨਿਕ ਫ਼ੀਸਾਂ ਨੂੰ ਲਾਗੂ ਕਰਨ ਅਤੇ ਟੋਲ ਦੀਆਂ ਫ਼ੀਸਾਂ ਵਿੱਚ ਵੰਡਿਆ ਜਾ ਸਕਦਾ ਹੈ। |
| **ਰਿਆਇਤ-ਧਾਰਕ** | ਟੋਲ ਵਾਲੀ ਸੜਕ ਦਾ ਰਿਆਇਤ ਧਾਰਕ, ਜੋ ਕਿ ਇਸ ਧਾਰਕ ਨੂੰ ਕਿਸੇ ਮੋਟਰ ਰਸਤੇ ਨੂੰ ਲੋੜੀਂਦੀ ਹਾਲਤ ਵਿੱਚ ਸਰਕਾਰੀ ਸੰਸਥਾ ਨੂੰ ਵਾਪਸ ਕਰਨ ਤੋਂ ਪਹਿਲਾਂ, ਇੱਕ ਨਿਰਧਾਰਤ ਮਿਆਦ ਜਾਂ ਸਮੇਂ ਲਈ ਉਸ ਮੋਟਰ ਰਸਤੇ ਨੂੰ ਚਲਾਉਣ, ਰੱਖ-ਰਖਾਅ ਕਰਨ ਅਤੇ (ਖ਼ਾਸ ਹਾਲਤਾਂ ਵਿੱਚ) ਨਿਰਮਾਣ ਕਰਨ ਅਤੇ ਵਿੱਤ ਦੇਣ ਦਾ ਅਧਿਕਾਰ ਦਿੰਦਾ ਹੈ। ਉਕਤ ਸੇਵਾਵਾਂ ਦੇ ਬਦਲੇ ਵਿੱਚ, ਰਿਆਇਤ-ਧਾਰਕ ਇਕਰਾਰਨਾਮੇ ਦੇ ਆਧਾਰ 'ਤੇ ਟੋਲ ਇਕੱਠਾ ਕਰ ਸਕਦਾ ਹੈ। |
| **ਦੂਰੀ-ਅਧਾਰਿਤ ਟੋਲ** | ਇਹ ਟੋਲ ਮੋਟਰ ਰਸਤੇ 'ਤੇ ਯਾਤਰਾ ਕੀਤੀ ਦੂਰੀ ਦੇ ਆਧਾਰ 'ਤੇ ਗਿਣਿਆ ਜਾਂਦਾ ਹੈ। |
| **ਇਨਫੋਰਸਮੈਂਟ (ਲਾਗੂ ਕਰਨ ਦੀਆਂ) ਫ਼ੀਸਾਂ** | ਇਨਫੋਰਸਮੈਂਟ ਫ਼ੀਸਾਂ ਨਾ ਭੁਗਤਾਨ ਕੀਤੇ ਗਏ ਟੋਲ ਨੂੰ ਲਗਾਉਣ ਅਤੇ ਵਸੂਲਣ ਨਾਲ ਸੰਬੰਧਿਤ ਫ਼ੀਸਾਂ ਹਨ। |
| **ਫਲੈਟ ਰੇਟ ਜਾਂ ਮੁੱਕਰਰ ਰਕਮ ਟੋਲ** | ਰਵਾਇਤੀ ਟੋਲਿੰਗ ਵਿਧੀ ਜਿੱਥੇ ਮੋਟਰ ਰਸਤੇ ਦੀ ਵਰਤੋਂ ਲਈ ਇੱਕ ਮੁੱਕਰਰ ਰਕਮ ਦਾ ਟੋਲ ਹੁੰਦਾ ਹੈ, ਯਾਤਰਾ ਕੀਤੇ ਸਮੇਂ ਦੀ ਦੂਰੀ ਦੀ ਪਰਵਾਹ ਕੀਤੇ ਬਿਨਾਂ। |
| ***ਸਰਕਾਰੀ ਸੂਚਨਾ (ਜਨਤਕ ਪਹੁੰਚ) ਐਕਟ 2009 (GIPA ਐਕਟ)*** | ਇਹ GIPA ਐਕਟ ਇਹ ਨਿਯਮ ਨਿਰਧਾਰਤ ਕਰਦਾ ਹੈ ਕਿ ਕਿਵੇਂ ਜਨਤਾ ਨਿਊ ਸਾਊਥ ਵੇਲਜ਼ ਦੀਆਂ ਜਨਤਕ ਖੇਤਰ ਦੀਆਂ ਏਜੰਸੀਆਂ ਦੁਆਰਾ ਰੱਖੀ ਗਈ ਸਰਕਾਰੀ ਜਾਣਕਾਰੀ ਤੱਕ ਪਹੁੰਚ ਕਰ ਸਕਦੀ ਹੈ। |
| **HV ਗੁਣਕ**<br>**(ਭਾਰੀ ਵਾਹਨ ਗੁਣਕ)** | ਭਾਰੀ ਵਾਹਨ ਗੁਣਕ ਉਨ੍ਹਾਂ ਵਾਹਨਾਂ 'ਤੇ ਲਗਾਇਆ ਗਿਆ ਇੱਕ ਕੀਮਤ ਗੁਣਕ ਹੈ ਜੋ ਕਲਾਸ A ਵਾਹਨ ਪਰਿਭਾਸ਼ਾਵਾਂ ਤੋਂ ਵੱਧ (ਜਿਵੇਂ ਕਿ 2.8 ਮੀਟਰ ਤੋਂ ਵੱਧ ਉਚਾਈ ਅਤੇ ਲੰਬਾਈ ਵਿੱਚ 12.5 ਮੀਟਰ ਤੋਂ ਵੱਧ) ਹਨ, ਜਦੋਂ ਉਹ ਮੌਜੂਦਾ ਸਮੇਂ ਵਿੱਚ ਟੋਲ ਸੜਕਾਂ 'ਤੇ ਯਾਤਰਾ ਕਰਦੇ ਹਨ - ਆਮ ਤੌਰ 'ਤੇ ਮੌਜੂਦਾ ਟੋਲਿੰਗ ਸਕੀਮਾਂ ਦੇ ਤਹਿਤ 3x। |
| **LV**<br>**(ਹਲਕਾ ਵਾਹਨ)** | ਹਲਕਾ ਵਾਹਨ ਕੋਈ ਵੀ ਅਜਿਹਾ ਵਾਹਨ ਹੈ ਜੋ NSW ਦੇ ਟ੍ਰਾਂਸਪੋਰਟ ਵਿਭਾਗ ਦੀ ਕਲਾਸ A ਵਾਹਨ ਵਰਗੀਕਰਣ (ਜਿਵੇਂ ਕਿ 2.8 ਮੀਟਰ ਜਾਂ ਘੱਟ ਉਚਾਈ ਅਤੇ 12.5 ਮੀਟਰ ਜਾਂ ਇਸ ਤੋਂ ਘੱਟ ਲੰਬਾਈ) ਦੇ ਅੰਦਰ ਪਰਿਭਾਸ਼ਿਤ ਕੀਤਾ ਗਿਆ ਹੈ। |
| **ਆਮਦਨੀ-ਜਾਂਚ (ਮੀਨਜ਼ ਟੈਸਟਡ)** | ਖ਼ਾਸ ਆਮਦਨ/ਸੰਪਤੀ ਪੱਧਰਾਂ ਦੇ ਅਧੀਨ ਹੋਣ ਵਾਲੇ ਵਿਅਕਤੀਆਂ ਜਾਂ ਪਰਿਵਾਰਾਂ ਨੂੰ ਦਿੱਤੀ ਗਈ ਯੋਗਤਾ ਦੇ ਨਾਲ, ਮੀਨਜ਼ ਟੈਸਟਡ ਕੀਤੀ ਰਾਹਤ ਵਿੱਤੀ ਸਹਾਇਤਾ ਹੈ। |
| **ਮੋਟਰ ਰਸਤਿਆਂ ਦਾ ਨੈੱਟਵਰਕ** | ਇੱਕ ਮੋਟਰ ਰਸਤਾ ਇੱਕ ਵੱਖਰੀ ਕਿਸਮ ਦੀ ਸੜਕ ਹੈ ਜਿਸ ਵਿੱਚ ਬਿਨਾਂ ਪਹੁੰਚ ਫੰਕਸ਼ਨ ਦੇ ਸ਼ੁੱਧ ਗਤੀਸ਼ੀਲਤਾ ਫੰਕਸ਼ਨ ਹੈ; ਮੋਟਰਵੇਅ ਪ੍ਰਮੁੱਖ ਖੇਤਰੀ ਅਤੇ ਅੰਤਰ-ਖੇਤਰੀ ਆਵਾਜਾਈ ਲਈ ਸਹੂਲਤ ਪ੍ਰਦਾਨ ਕਰਦੇ ਹਨ।<br>ਮੋਟਰ ਰਸਤਿਆਂ ਨੈੱਟਵਰਕ ਜੁੜੇ ਹੋਏ ਮੋਟਰ ਰਸਤਿਆਂ ਦਾ ਇੱਕ ਫੈਲਾਅ ਹੈ।<br>ਸਿਡਨੀ ਦਾ ਮੋਟਰ ਰਸਤਿਆਂ ਦਾ ਨੈੱਟਵਰਕ ਲਗਭਗ 179 ਕਿਲੋਮੀਟਰ ਸੜਕਾਂ ਦਾ ਬਣਿਆ ਹੋਇਆ ਹੈ, ਜਿਸ ਵਿੱਚ ਟੋਲ (80 ਪ੍ਰਤੀਸ਼ਤ) ਅਤੇ ਬਗ਼ੈਰ-ਟੋਲ ਸੜਕਾਂ ਦੋਵੇਂ ਸ਼ਾਮਲ ਹਨ, ਜੋ ਕਿ ਸਿਡਨੀ ਦੇ ਵੱਖ-ਵੱਖ ਇਲਾਕਿਆਂ ਨੂੰ ਜੋੜਦੀਆਂ ਹਨ। |

| ਸ਼ਬਦ | ਵਰਣਨ |
|---|---|
| **ਪੀਕ/ਆਫ਼-ਪੀਕ (ਵੱਧ/ਘੱਟ ਆਵਾਜਾਈ) ਕੀਮਤ** | ਬਦਲਣਯੋਗ ਟੋਲ ਕੀਮਤ ਦਾ ਇੱਕ ਰੂਪ ਹੈ, ਜੋ ਸਮੇਂ ਅਨੁਸਾਰ ਜਾਂ ਵੱਧ ਅਤੇ ਘੱਟ ਮੰਗ ਦੇ ਦੌਰਾਨ ਕੀਮਤਾਂ ਨੂੰ ਵਧਾਉਂਦਾ ਜਾਂ ਘਟਾਉਂਦਾ ਹੈ। |
| **SHCs**<br>(ਸਿਡਨੀ ਹਾਰਬਰ ਕਰਾਸਿੰਗ) | ਸਿਡਨੀ ਹਾਰਬਰ ਟਨਲ (SHT), ਸਿਡਨੀ ਹਾਰਬਰ ਬ੍ਰਿਜ (SHB) ਅਤੇ ਵੈਸਟਰਨ ਹਾਰਬਰ ਟਨਲ (WHT) ਨੂੰ ਸਮੂਹਿਕ ਤੌਰ 'ਤੇ ਦਰਸਾਉਣ ਲਈ ਵਰਤਿਆ ਜਾਣ ਵਾਲਾ ਸ਼ਬਦ ਹੈ। |
| **ਟੈਗ** | ਟੋਲ ਉਗਰਾਹੀ ਦਾ ਇੱਕ ਰੂਪ ਹੈ ਜੋ ਵਾਹਨਾਂ ਦੇ ਅੰਦਰ ਲੱਗੇ ਇਲੈਕਟ੍ਰਾਨਿਕ ਟੈਗ 'ਤੇ ਨਿਰਭਰ ਕਰਦਾ ਹੈ, ਜੋ ਵਰਤਮਾਨ ਵਿੱਚ ਪੂਰੇ ਨਿਊ ਸਾਊਥ ਵੇਲਜ਼ ਵਿੱਚ ਵਰਤਿਆ ਜਾਂਦਾ ਹੈ। |
| **ਟ੍ਰਾਂਸਪੋਰਟ ਫਾਰ NSW (NSW ਦਾ ਆਵਾਜਾਈ ਵਿਭਾਗ)** | ਟ੍ਰਾਂਸਪੋਰਟ ਫਾਰ NSW ਸਮੁੱਚੇ ਨਿਊ ਸਾਊਥ ਵੇਲਜ਼ ਵਿੱਚ ਇੱਕ ਪ੍ਰਮੁੱਖ ਆਵਾਜਾਈ ਅਤੇ ਸੜਕ ਏਜੰਸੀ ਹੈ। |
| **ਟੋਲ ਰਿਲੀਫ਼ ਰਿਬੇਟ ਸਕੀਮ** | ਇੱਕ ਰਾਹਤ ਸਕੀਮ ਜਿਸ ਦੁਆਰਾ ਟੋਲ ਉਪਭੋਗਤਾਵਾਂ ਨੂੰ ਇੱਕ ਵਿੱਤੀ ਸਾਲ ਦੇ ਅੰਦਰ ਭੁਗਤਾਨ ਕੀਤੇ ਗਏ ਉਹਨਾਂ ਦੇ ਟੋਲ ਦਾ ਇੱਕ ਹਿੱਸਾ ਵਾਪਸ ਕਰ ਦਿੱਤਾ ਜਾਂਦਾ ਹੈ (ਅਰਥਾਤ 2023 ਲਈ ਇਹ $750 ਤੱਕ ਦੀ 40 ਪ੍ਰਤੀਸ਼ਤ ਛੋਟ 'ਤੇ ਸੈੱਟ ਕੀਤਾ ਗਿਆ ਹੈ ਜੇਕਰ ਉਪਭੋਗਤਾ ਪ੍ਰਤੀ ਵਿੱਤੀ ਸਾਲ $375 ਤੋਂ ਵੱਧ ਖ਼ਰਚ ਕਰਦੇ ਹਨ)। |
| **ਟੋਲ ਰੋਡ ਨੈੱਟਵਰਕ** | ਗ੍ਰੇਟਰ ਸਿਡਨੀ ਭਰ ਵਿੱਚ ਟੋਲ ਵਾਲੀਆਂ ਸੜਕਾਂ ਦਾ ਨੈੱਟਵਰਕ, ਮੌਜੂਦਾ ਜਾਂ ਭਵਿੱਖ ਵਿੱਚ। |
| **ਟੋਲ ਰੋਡ ਆਪਰੇਟਰ** | ਟੋਲ ਸੜਕਾਂ ਦੇ ਸੰਚਾਲਨ ਲਈ ਜ਼ਰੂਰੀ ਰੱਖ-ਰਖਾਅ ਲਈ ਜ਼ਿੰਮੇਵਾਰ ਸੰਸਥਾਵਾਂ। |
| **ਟੋਲਿੰਗ ਫ਼ੀਸ** | ਟੋਲਿੰਗ ਫ਼ੀਸ, ਟੋਲ ਸੇਵਾਵਾਂ ਪ੍ਰਦਾਨ ਕਰਨ ਦੇ ਪ੍ਰਸ਼ਾਸਨ (ਜਿਵੇਂ ਕਿ ਵੀਡੀਓ ਮੈਚਿੰਗ ਫ਼ੀਸ, ਸਰਵਿਸ ਫ਼ੀਸ ਅਤੇ ਟੋਲ ਨਾ ਭਰਨ ਦੀ ਫ਼ੀਸ) ਨਾਲ ਸੰਬੰਧਿਤ ਟੋਲ ਰੋਡ ਓਪਰੇਟਰਾਂ ਦੁਆਰਾ ਲਗਾਈਆਂ ਜਾਂਦੀਆਂ ਵੱਖ-ਵੱਖ ਸੰਬੰਧਿਤ ਫ਼ੀਸਾਂ ਦਾ ਵਰਣਨ ਕਰਨ ਲਈ ਵਰਤਿਆ ਜਾਣ ਵਾਲਾ ਸ਼ਬਦ ਹੈ। |
| **ਦਿਨ ਦੇ ਸਮੇਂ ਮੁਤਾਬਿਕ ਬਦਲਣਯੋਗ ਟੋਲ** | ਇਸ ਟੋਲ ਦੀ ਗਣਨਾ ਯਾਤਰਾ ਦੇ ਸਮੇਂ ਦੇ ਆਧਾਰ 'ਤੇ ਕੀਤੀ ਜਾਂਦੀ ਹੈ। |
| **ਵੈਸਟ-ਕਨੈਕਸ (WestConnex)** | ਮੁੱਖ ਰੂਪ ਵਿੱਚ ਇੱਕ ਭੂਮੀਗਤ ਮੋਟਰ ਰਸਤਾ ਹੈ ਜਿਸ ਵਿੱਚ M4, M5 ਸਾਊਥ ਵੈਸਟ, M5 ਈਸਟ, M8 ਅਤੇ M4-M8 ਲਿੰਕ ਸ਼ਾਮਲ ਹਨ। |
| **ਜ਼ੋਨ ਮੁਤਾਬਿਕ ਕੀਮਤ** | ਅਜਿਹੇ ਤਰੀਕੇ ਨਾਲ ਕੀਮਤ ਲੱਗਣੀ ਜੋ ਭੂਗੋਲਿਕ ਤੌਰ 'ਤੇ ਜ਼ੋਨ (ਜਿਵੇਂ ਕਿ ਨੋਰਥਰਨ, ਈਸਟਰਨ) ਦੁਆਰਾ ਟੋਲ ਲੱਗੇ ਰੋਡ ਦੇ ਟੋਲ ਦੀ ਕੀਮਤ ਨੂੰ ਬਦਲਦੀ ਹੈ। |

# ਬੇਦਾਅਵਾ

ਇਹ ਪੇਪਰ NSW ਸਰਕਾਰ ਦੁਆਰਾ ਗਠਿਤ ਕੀਤੇ ਗਏ ਸੁਤੰਤਰ ਟੋਲ ਸਮੀਖਿਆ ਦੇ ਹਿੱਸੇ ਵਜੋਂ, ਲੋਕਾਂ ਤੋਂ ਫੀਡਬੈਕ ਮੰਗਣ ਦੇ ਉਦੇਸ਼ ਲਈ ਪ੍ਰੋਫ਼ੈਸਰ ਐਲਨ ਫੇਲਜ਼ ਏ.ਓ. ਅਤੇ ਡਾਕਟਰ ਡੇਵਿਡ ਕਜ਼ਨਸ ਏ.ਐਮ. ਦੁਆਰਾ ਤਿਆਰ ਕੀਤਾ ਗਿਆ ਹੈ।

ਪ੍ਰੋਫ਼ੈਸਰ ਐਲਨ ਫੇਲਜ਼ ਏ.ਓ., ਡਾ. ਡੇਵਿਡ ਕਜ਼ਨਸ ਏ.ਐਮ. ਅਤੇ NSW ਸਰਕਾਰ ਇਸ ਪੇਪਰ ਵਿੱਚ ਮੌਜੂਦ ਕਿਸੇ ਵੀ ਸਮੱਗਰੀ ਦੀ ਸ਼ੁੱਧਤਾ, ਭਰੋਸੇਯੋਗਤਾ, ਮੁਦਰਾ ਜਾਂ ਸੰਪੂਰਨਤਾ ਤੋਂ ਪੈਦਾ ਹੋਣ ਵਾਲੀ ਜਾਂ ਇਸ ਨਾਲ ਜੁੜੀ ਕਿਸੇ ਵੀ ਕਾਨੂੰਨੀ ਜ਼ਿੰਮੇਵਾਰੀ ਦੀ ਗਾਰੰਟੀ ਜਾਂ ਵਾਰੰਟੀ ਨਹੀਂ ਦਿੰਦੇ ਹਨ।

ਇਸ ਪੇਪਰ ਦੇ ਪਾਠਕ ਇਸ ਵਿਚਲੀ ਸਮੱਗਰੀ ਦਾ ਆਪਣਾ ਖੁਦ ਦਾ ਮੁਲਾਂਕਣ ਕਰਨ ਲਈ ਜ਼ਿੰਮੇਵਾਰ ਹੋਣਗੇ ਅਤੇ ਉਹਨਾਂ ਨੂੰ ਆਪਣੀ ਖੁਦ ਦੀ ਪੁੱਛਗਿੱਛ ਆਪ ਕਰਨੀ ਚਾਹੀਦੀ ਹੈ ਅਤੇ ਇਸ ਪੇਪਰ ਵਿੱਚ ਸ਼ਾਮਲ ਸਮੱਗਰੀ ਨਾਲ ਸੰਬੰਧਿਤ ਫ਼ੈਸਲੇ ਲੈਣ ਵੇਲੇ ਉਹਨਾਂ ਨੂੰ ਆਪਣੀ ਸਲਾਹ 'ਤੇ ਭਰੋਸਾ ਕਰਨਾ ਚਾਹੀਦਾ ਹੈ।

ਇਹ ਪੇਪਰ NSW ਸਰਕਾਰ ਨੂੰ ਪੇਸ਼ ਕੀਤੀਆਂ ਜਾਣ ਵਾਲੀਆਂ ਸਿਫ਼ਾਰਸ਼ਾਂ ਦੀ ਨੁਮਾਇੰਦਗੀ ਨਹੀਂ ਕਰਦਾ ਹੈ ਅਤੇ ਇਹ ਸੰਕੇਤ ਨਹੀਂ ਦਿੰਦਾ ਹੈ ਅਤੇ ਇਹ ਸਾਬਕਾ ਜਾਂ ਮੌਜੂਦਾ NSW ਸਰਕਾਰ ਦੇ ਪ੍ਰਵਾਨਿਤ ਨੀਤੀ ਨਿਰਦੇਸ਼ਾਂ ਦੀ ਨੁਮਾਇੰਦਗੀ ਨਹੀਂ ਕਰਦਾ ਹੈ।